# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥

ਸਤੰਬਰ ੧੯੮੩

SEPT 1983

ੴ ਸਤਿਗੁਰ ਪ੍ਰਸਾਦਿ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

www.AKJ.Org

# ਤਤਕਰਾ


| | | |
|---|---|---|
| ਅਸੀਂ ਹਿੰਦੂ ਨਹੀਂ, ਅਸੀਂ ਸਿੱਖ ਹਾਂ | ਸ. ਰਜਿੰਦਰ ਸਿੰਘ ਜੀ ਅਮਰੀਕਾ | ੨ |
| ਖਾਲਸਾ ਇਕ ਵੱਖਰੀ ਕੌਮ | ਪ੍ਰਮਾਣੀਕ ਹਵਾਲੇ | ੩ |
| ਸਿਖ ਅਪਣੇ ਆਪ ਵਿਚ ਇਕ ਸੁਤੰਤਰ ਕੌਮ ਹੈ | 'ਸੂਰਾ' ਪਰਵਾਰ | ੪ |
| ਨਾਮ ਸੰਬੰਧੀ ਗੱਲ ਬਾਤ ਤੇ ਸੋਨਾ ਬਨਾਉਣ ਦੀ ਕਥਾ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੧੧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ | ਸ: ਅਮਰਜੀਤ ਸਿੰਘ ਜੀ | ੧੬ |
| ਸਬਦੁ ਗੁਰ ਪੀਰਾ ਗਹਿਰ ਗੰਭੀਰਾ | ... ... ... ... ... | ੨੦ |
| ਦਸਾਂ ਸਤਿਗੁਰਾਂ ਦੀ ਜੋਤਿ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੨੧ |
| ਸਚਹੁ ਓਰੈ ਸਭੁ ਕੋ | ਪ੍ਰਿੰਸੀਪਲ ਗੁਰਮਖ ਸਿੰਘ ਜੀ | ੨੨ |
| ਰੋਕ ਸਕਦੈ ਕੋਣ ਕਿਰਪਾਨ ਸਾਡੀ (ਕਵਿਤਾ) | ਗਿ: ਗੋਪਾਲ ਸਿੰਘ ਜੀ 'ਮਿੱਤਰ' | ੨੯ |
| ਜੀਵਨ ਝਲਕੀਆਂ ਡਾ: ਸੁਰਿੰਦਰ ਸਿੰਘ ਜੀ | ... ... ... ... ... | ੩੦ |
| ਸਿੱਖ ਮੰਗਾਂ ਤੇ ਸਰਕਾਰ | ਸ: ਖੁਸ਼ਵੰਤ ਸਿੰਘ ਜੀ | ੩੩ |
| ਜੀਅ-ਰਖਿਆ ਅਤੇ ਜੀਅ-ਦਇਆ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੩੬ |
| ਇਸ ਮਹੀਨੇ ਦੀਆਂ ਪੰਥਕ ਖ਼ਬਰਾਂ | ਅਖਬਾਰਾਂ ਦੀ ਜ਼ਬਾਨੀ | ੩੯ |


ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ ੭ ਸਤੰਬਰ
ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ ੯ ਸਤੰਬਰ
ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ ੨੨ ਸਤੰਬਰ

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ਮਿਲੀ ੮ ਸਤੰਬਰ
ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ ਮਿਲੀ ੧੯ ਸਤੰਬਰ
ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ ਮਿਲੀ ੨੭ ਸਤੰਬਰ

# ਅਸੀਂ ਹਿੰਦੂ ਨਹੀਂ, ਅਸੀਂ ਸਿੱਖ ਹਾਂ

[ਸ: ਰਜਿੰਦਰ ਸਿੰਘ ਜੀ ਐਮ. ਏ., ਅਮਰੀਕਾ]

ਅਸੀਂ ਅਕਾਲ ਦੇ ਪੁਜਾਰੀ, ਇਕ-ਓਅੰਕਾਰ ਦੇ ਉਪਾਸ਼ਕ।
ਅਸੀਂ ਕਿਸੇ ਅਵਤਾਰ, ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਦੇ।
ਅਸੀਂ ਗੁਰਦੁਆਰੇ ਜਾਂਦੇ ਹਾਂ, ਮੰਦਰ ਵਿਚ ਨਹੀਂ ਜਾਂਦੇ।
ਅਸੀਂ ਨਾਮ-ਬਾਣੀ ਪੜ੍ਹਦੇ ਹਾਂ, ਭਜਨ ਨਹੀਂ ਗਾਉਂਦੇ।
ਅਸੀਂ ਕੀਰਤਨ ਕਰਦੇ ਹਾਂ, ਟੱਲ ਨਹੀਂ ਖੜਕਾਉਂਦੇ।
ਅਸੀਂ ਬੁੱਤਾਂ ਦੀ ਪੂਜਾ ਨਹੀਂ ਕਰਦੇ, ਮੂਰਤੀਆਂ ਅੱਗੇ ਮੱਥਾ ਨਹੀਂ ਟੇਕਦੇ।
ਅਸੀਂ ਨਿਰੰਕਾਰ ਦੀ ਜੋਤ ਨੂੰ ਨਮਸਕਾਰ ਕਰਦੇ ਹਾਂ।
ਉਸ ਜੋਤ ਦਾ ਜਾਪ ਦਿਨ ਰਾਤ ਕਰਦੇ ਹਾਂ।
ਅਸੀਂ ਜੰਤਰ ਮੰਤਰ ਤੰਤਰ ਨਹੀਂ ਪੜ੍ਹਦੇ।
ਅਸੀਂ ਗੁਰ-ਮੰਤਰ ਦਾ ਜਾਪ ਕਰਦੇ ਹਾਂ।
ਅਸੀਂ ਸਿਰ ਮੂੰਹ ਨਹੀਂ ਮੁਨਾਉਂਦੇ, ਅਸੀਂ ਕੇਸਾਧਾਰੀ ਸਿੱਖ,
ਰੋਮ ਰੋਮ ਦਾ ਸਤਿਕਾਰ ਕਰਦੇ ਹਾਂ।
ਅਸੀਂ ਡਰਦੇ ਨਹੀਂ, ਡਰਾਉਂਦੇ ਨਹੀਂ,
ਅਸੀਂ 'ਅਹਿੰਸਾ ਪਰਮੋ ਧਰਮਾ' ਵਿਚ ਯਕੀਨ ਨਹੀਂ ਰੱਖਦੇ।
ਅਸੀਂ ਅਕਾਲ ਪੁਰਖ ਦੀ ਫੌਜ, ਸੰਤ-ਸਿਪਾਹੀ,
ਮਰਜੀਵੜਿਆਂ ਦੀ ਕੌਮ; ਇਕ ਹੱਥ ਵਿਚ ਮਾਲਾ
ਦੂਜੇ ਹੱਥ ਵਿਚ ਕਿਰਪਾਨ,
ਹਰ ਜ਼ੋਰੋ-ਜ਼ੁਲਮ ਦਾ ਡਟ ਕੇ ਮੁਕਾਬਲਾ ਕਰਦੇ ਹਾਂ।
ਅਸੀਂ ਹਿੰਦੂ ਨਹੀਂ, ਅਸੀਂ ਸਿੱਖ ਹਾਂ।
ਹਿੰਦੂ-ਧਰਮ ਹੋਰ, ਸਿੱਖ ਧਰਮ ਹੋਰ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ-ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੯.੮੩ ਨੂੰ ਪ੍ਰਕਾਸ਼ਤ ਕੀਤਾ



**ਟੈਲੀਫੋਨ ਨੰਬਰ : 51847 ਘਰ 43094**



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦

ਹਵਾਈ ਡਾਕ

ਯੂ. ਕੇ. ਅਫ਼ਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੫੦-੦੦
ਅਰਬ ਮਲਾਇਆ ੫੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੭ ਸਤੰਬਰ ੧੯੮੩ ਅੰਕ ੯

## ਖਾਲਸਾ ਇਕ ਵੱਖਰੀ ਕੌਮ

ਭਾਈ ਗੁਰਦਾਸ ਜੀ–ਸਬਦਿ ਜਿਤੀ ਸਿਧ ਮੰਡਲੀ, ਕੀਤੋਸੁ ਆਪਣਾ ਪੰਥ ਨਿਰਾਲਾ ॥੩੧॥ (੧)
–ਮਾਰਿਆ ਸਿੱਕਾ ਜਗਤ੍ਰ ਵਿਚਿ ਨਾਨਕ ਨਿਰਮਲ ਪੰਥ ਚਲਾਇਆ ॥੪੫॥ (੧)

ਪਾਤਿਸ਼ਾਹੀ ੧੦–ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥੁ ਪ੍ਰਚੁਰ ਕਰਬੇ ਕਉ ਸਾਜਾ॥–ਬਚਿਤ੍ਰ ਨਾਟਕ, ਧਿ: ੬
–ਦੁਹੂੰ ਪੰਥ ਮੇਂ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ ॥
ਕਰਹੁ ਖਾਲਸਾ ਪੰਥ ਤੀਸਰ ਪ੍ਰਵੇਸਾ ॥ ਜਗੈਂ ਸਿੰਘ ਜੋਧੈ ਧਰੈਂ ਨੀਲ ਭੇਸਾ ॥

ਰਹਿਤਨਾਮੇ–ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ ॥ –ਰਹਿਤਨਾਮਾ ਭਾਈ ਚੌਪਾ ਸਿੰਘ ਜੀ
–ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ ॥ –ਰਹਿਤਨਾਮਾ ਭਾਈ ਦਯਾ ਸਿੰਘ ਜੀ

ਸ੍ਰੀ ਗੁਰ ਸੋਭਾ–ਇਹ ਬਖਸੀਸ ਕਰੀ ਕਰਤਾਰੰ ॥ ਪ੍ਰਭੂ ਬਾਕ ਇਮ ਕਰੋ ਬਿਚਾਰੰ ॥
ਤੁਮ ਮੇਰਾ ਇਕ ਪੰਥ ਚਲਾਵੋ ॥ ਸੁਮੱਤ ਦੇਹਿ ਲੋਗਨ ਸਮਝਾਵੋ ॥
–ਹਜੂਰੀ ਕਵੀ ਸੈਨਾਪਤਿ ਜੀ

ਗੁਰ ਬਿਲਾਸ–ਦੋ ਤੇ ਤੀਨ ਪੰਥ ਕਰ ਲੈ ਹੈਂ ॥
ਲੈ ਆਯਸ ਗੁਰਦੇਵ ਕੀ ਸ੍ਰੀ ਖਾਲਸ ਮਹਾਰਾਜ ॥
ਪ੍ਰਗਟ ਕਰਯੋ ਜਗ ਖਾਲਸਾ ਹਿੰਦੂ ਤੁਰਕ ਸਿਰਤਾਜ ॥

ਪੰਥ ਪ੍ਰਕਾਸ਼–ਪੁਨ ਹਿੰਦੂ ਤੁਰਕਨ ਤੇ ਨਯਾਰਾ ॥ ਰਚੋਂ ਪੰਥ ਯਹਿ ਬਲੀ ਅਪਾਰਾ ॥

ਗੁਰਪ੍ਰਤਾਪ ਸੂਰਯ–ਪੂਰਬ ਹਿੰਦੂ ਤੁਰਕ ਹੈਂ ਦੋਇ ॥ ਅਬ ਤੇ ਤੀਨ ਜਾਨੀਏ ਹੋਇ ॥

[ਵਿਆਖਿਆ ਅਗਲੇ ਲੇਖ ਵਿਚ ਵੇਖੋ

www.AKJ.Org

# ਸਿਖ ਆਪਣੇ ਆਪ ਵਿਚ ਇਕ ਸੁਤੰਤਰ ਕੌਮ ਹੈ

[ਵਲੋਂ—'ਸੂਰਾ' ਪਰਵਾਰ]

ਭਾਰਤ ਵਿਚ ਵਸਦੀਆਂ ਜਿਵੇਂ ਹਿੰਦੂ, ਮੁਸਲਮਾਨ, ਈਸਾਈ ਆਦਿ ਸੁਤੰਤਰ ਕੌਮਾਂ ਹਨ, ਇਵੇਂ ਹੀ ਸਿੱਖ ਵੀ ਇਕ ਸੁਤੰਤਰ ਕੌਮ ਹੈ। ਜਿਵੇਂ ਸਿੱਖ ਧਰਮ ਬਾਕੀ ਧਰਮਾਂ ਤੋਂ ਬਿਲਕੁਲ ਵੱਖ ਹੈ ਇਸੇ ਤਰ੍ਹਾਂ 'ਸਿੱਖ ਕੌਮ' ਵੀ ਵੱਖਰੀ ਕੌਮ ਹੈ। ਸਿੱਖਾਂ ਨੂੰ ਹਿੰਦੂ ਕੌਮ ਦਾ ਹੀ ਇਕ ਹਿੱਸਾ ਮੰਨਣਾ ਬਿਲਕਲ ਉਸੇ ਤਰ੍ਹਾ ਹੈ ਜਿਵੇਂ ਕੋਈ ਮੁਛਾਂ ਨੂੰ ਦਾੜ੍ਹੀ ਆਖੀ ਜਾਏ ਕਿ ਜੀ, ਦੋਵੇਂ ਕੇਸ ਹੀ ਹਨ।

ਕਈ ਮੁਤੱਸਬੀ ਹਿੰਦੂਆਂ ਨੇ ਤਾਂ ਆਮ ਇਹ ਕੋਝੀ ਨੀਤੀ ਅਪਣਾਈ ਹੋਈ ਹੈ ਕਿ ਸਿੱਖਾਂ ਨੂੰ ਹਿੰਦੂ ਕਹਿ ਕਹਿ ਕੇ, ਇਨ੍ਹਾਂ ਦੀ ਵੱਖਰੀ ਹਸਤੀ ਨੂੰ ਮਲੀਆਮੇਟ ਕਰ ਦਿੱਤਾ ਜਾਵੇ ਅਤੇ ਇਨ੍ਹਾਂ ਨੂੰ ਆਪਣੇ ਵਿਚ ਹੀ ਜਜ਼ਬ ਕਰ ਲਿਆ ਜਾਵੇ, ਪਰ ਸਾਨੂੰ ਅਫ਼ਸੋਸ ਉਨ੍ਹਾ ਲੋਕਾਂ ਤੇ ਆਉਂਦਾ ਹੈ ਜੋ ਸਿੱਖੀ ਦੀ ਬਿਨਾਅ (ਅਧਾਰ) ਤੇ ਵੱਡੀਆਂ ਤੇ ਉੱਚੀਆ ਪਦਵੀਆਂ ਤੇ ਬਿਰਾਜਮਾਨ ਹਨ, ਪਰ ਕੇਵਲ ਆਪਣੀਆਂ ਪਦਵੀਆਂ ਨੂੰ ਕਾਇਮ ਰੱਖਣ ਖ਼ਾਤਰ, ਅਥਵਾ ਆਪਣੇ ਮਾਲਕਾਂ ਨੂੰ ਖੁਸ਼ ਕਰਨ ਲਈ ਬਿਆਨ ਛਾਂਟਦੇ ਫਿਰਦੇ ਹਨ ਕਿ ਸਿੱਖ ਵੱਖਰੀ ਕੌਮ ਨਹੀਂ। ਇਹ ਕਿੰਨੀ ਹਾਸੋਹੀਣੀ ਗੱਲ ਹੈ। ਹੈਰਾਨਗੀ ਹੁੰਦੀ ਹੈ ਕਿ ਉਹ 'ਸਿੱਖ' ਹੋ ਕੇ ਭੀ ਆਪਣੇ ਆਪ ਨੂੰ ਹਿੰਦੂ ਕਿਵੇਂ ਮੰਨੀ ਜਾਂਦੇ ਹਨ। ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕਰਨ ਨਾਲ ਇਹ ਗੱਲ ਉਘੜ ਕੇ ਸਾਹਮਣੇ ਆ ਜਾਂਦੀ ਹੈ ਕਿ ਸਿੱਖ ਧਰਮ ਅਤੇ ਖ਼ਾਲਸਾ ਪੰਥ ਹਿੰਦੂ ਧਰਮ ਤੋਂ ਬਿਲਕੁਲ ਵੱਖਰਾ ਧਰਮ, ਅਥਵਾ ਪੰਥ ਹੈ।

ਉੱਚੀਆਂ ਪਦਵੀਆਂ ਤੇ ਉਪਸਥਿਤ ਸਿੱਖ ਵੀਰਾਂ ਨੂੰ ਅਤੇ ਤਖ਼ਤ ਸਾਹਿਬਾਨ ਦੇ ਸਾਬਕਾ ਜਥੇਦਾਰਾਂ ਅਥਵਾ ਗੁਰ-ਅਸਥਾਨਾਂ ਵਿਚ ਉੱਚ ਪਦਵੀਆਂ ਤੇ ਸਥਾਪਤ ਰਹਿ ਚੁਕੇ ਮੁਖੀ ਸੇਵਾਦਾਰਾਂ ਨੂੰ ਅਜਿਹੇ ਗ਼ਲਤ ਬਿਆਨ ਦੇਣੇ ਉਨ੍ਹਾਂ ਦੀ ਸ਼ੋਭਾ ਅਤੇ ਸ਼ਕਤੀ ਨੂੰ ਘਟਾਉਂਦੇ ਹਨ। ਇਸ ਸੇਵਾ ਬਦਲੇ ਮਿਲੀਆਂ ਸਹੂਲਤਾਂ ਅਤੇ ਸੁਖ ਅਰਾਮ ਸਦਾ ਕਾਇਮ ਨਹੀਂ ਰਹਿਣੇ, ਇਹ ਛਿਨ-ਭੰਗਰ ਤੇ ਬਿਨਸਨਹਾਰ ਹਨ। ਪਰ ਇਨ੍ਹਾਂ ਬਿਆਨਾਂ ਦੀ ਕਾਲਖ ਕਦੇ ਧੁਪਣੀ ਨਹੀਂ। ਇਹ ਕਾਲਖ ਇਤਿਹਾਸ ਦੇ ਪੰਨਿਆਂ ਉਤੇ ਚਿਤਰੀ ਜਾਣੀ ਹੈ। ਕੌਮ ਦੀਆਂ ਆਉਣ ਵਾਲੀਆਂ ਨਸਲਾਂ ਅਜਿਹੇ ਵਿਅਕਤੀਆਂ ਨੂੰ ਕਦੇ ਮਾਫ ਨਹੀਂ ਕਰਨਗੀਆਂ ਅਤੇ ਸੁਚਾ ਨੰਦ ਵਾਂਗ ਉਨ੍ਹਾਂ ਤੇ ਫਿਟਕਾਰਾਂ ਪਾਂਦੀਆਂ ਰਹਿਣਗੀਆਂ। ਪੀੜ੍ਹੀ-ਦਰ-ਪੀੜ੍ਹੀ ਇਸ ਹੁੰਦੀ ਰਹਿਣ ਵਾਲੀ ਬਦਨਾਮੀ ਤੋਂ ਬਚਣ ਲਈ ਇਕੋ ਇਹੋ ਹੱਲ ਹੈ ਕਿ ਇਹ ਭੁੱਲੜ ਵੀਰ ਆਪਣੀ ਕੀਤੀ ਭੁੱਲ ਦਾ ਪ੍ਰਾਸ਼ਚਿਤ ਕਰਨ। ਨਹੀਂ ਤਾਂ ਇਹ ਕਾਲਖ ਦਾ ਟਿੱਕਾ ਕਦੇ ਮੱਥੇ ਤੋਂ ਉਤਰਨਾ ਨਹੀਂ।

ਜਿਹੜੇ ਸਜਣ ਅਢੁਕਵੀਆਂ ਗੱਲਾਂ ਦੱਸ ਦੱਸ ਕੇ ਇਹ ਸਾਬਤ ਕਰਨ ਦੀ ਕੋਸ਼ਸ਼ ਕਰਦੇ ਹਨ ਕਿ ਸਿੱਖ ਹਿੰਦੂ ਧਰਮ ਦਾ ਹੀ ਅੰਗ ਹਨ ਅਤੇ ਇਨ੍ਹਾਂ ਦੀ ਕੋਈ ਵੱਖਰੀ ਹਸਤੀ ਨਹੀਂ, ਅਜਿਹੇ ਵਿਅਕਤੀ ਜਾਂ ਤਾਂ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਅਸਲੀਅਤ ਤੋਂ ਕੋਰੇ ਹਨ ਜਾਂ ਫਿਰ ਜਾਣ ਬੁਝ ਕੇ ਕੁਟਿਲ ਨੀਤੀ ਦੇ ਅਧੀਨ ਆਪਣੀ ਸਵਾਰਥ-ਸਿਧੀ ਲਈ ਅਜਿਹੀਆਂ ਬੇਤੁਕੀਆਂ ਮਾਰੀ ਜਾਂਦੇ ਹਨ। ਕੁਝ ਫ਼ਿਰਕਾ ਪ੍ਰਸਤ ਹਿੰਦੂਆਂ ਦੀ ਬਾਕੀ ਧਰਮਾਂ ਨੂੰ ਛੁਟਿਆਰਨ ਜਾਂ ਆਪਣੇ ਵਿਚ ਜਜ਼ਬ ਕਰਨ ਦੀ ਕੁਟਿਲ ਨੀਤੀ ਅੱਜ ਦੀ ਹੀ ਨਹੀਂ, ਸਗੋਂ ਕਾਫ਼ੀ ਪੁਰਾਣੀ ਹੈ। ਇਸੇ ਕੁਟਿਲ ਨੀਤੀ ਦੇ ਪਾਜ ਉਘੇੜਨ ਲਈ ਅੱਜ ਤੋਂ ੮੫ ਸਾਲ ਪਹਿਲਾਂ ਪ੍ਰਸਿਧ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਨੂੰ "ਹਮ ਹਿੰਦੂ ਨਹੀਂ" ਪੁਸਤਕ ਲਿਖਣੀ ਪਈ ਸੀ। ਉਸ ਪੁਸਤਕ ਦੇ ਪੰਨਾ ੨੬ ਹੇਠ ਆਪ ਜੀ ਲਿਖਦੇ ਹਨ—

"ਚਾਹੇ ਵਿਚਾਰਵਾਨ ਸਿੱਖ, ਧਰਮ ਗ੍ਰੰਥਾਂ ਅਨੁਸਾਰ ਸਿੱਖ ਕੌਮ ਨੂੰ ਨਿਰਾਲਾ ਮੰਨਦੇ ਸਨ, ਪਰ 'ਹਮ



www.AKJ.Org

ਹਿੰਦੂ ਨਹੀਂ' ਕਹਿਣ ਅਤੇ ਲਿਖਣ ਦੀ ਤਦ ਲੋੜ ਪਈ, ਜਦ ਸਿੱਖਾਂ ਨੇ ਨਿਸ਼ਚਯ ਕਰ ਲਿਆ ਕਿ ਸਾਡੀ ਹਸਤੀ ਦੇ ਮਿਟਾ ਦੇਣ ਦਾ ਪੂਰਾ ਜਤਨ ਕੀਤਾ ਜਾ ਰਿਹਾ ਹੈ, ਅਰ ਅਮਲੀ ਤੌਰ ਤੇ ਵੱਖ ਹੋਏ ਬਿਨਾਂ ਸਾਡਾ ਜੀਵਨ ਨਹੀਂ।"

ਇਸ ਪੁਸਤਕ ਵਿਚ ਵਿਦਵਾਨ ਲੇਖਕ ਨੇ ਗੁਰਬਾਣੀ, ਭਾਈ ਗੁਰਦਾਸ ਜੀ ਦੀ ਰਚਨਾ, ਰਹਿਤ-ਨਾਮਿਆਂ ਅਤੇ ਗੁਰ-ਇਤਿਹਾਸ ਵਿਚੋਂ ਅਨੇਕਾਂ ਪ੍ਰਮਾਣ ਦੇ ਦੇ ਕੇ ਸਾਬਤ ਕੀਤਾ ਹੈ ਕਿ ਹਿੰਦੂ ਗ੍ਰੰਥਾਂ ਵਿਚ ਉਲੀਕੀ ਹਿੰਦੂਆਂ ਪ੍ਰਤੀ ਰਹਿਣੀ ਬਹਿਣੀ ਦੇ ਬਿਲਕੁਲ ਉਲਟ, ਸਿੱਖ ਧਰਮ ਦੀ ਬਿਲਕੁਲ ਨਵੇਕਲੀ ਅਤੇ ਹਿੰਦੂਆਂ ਮੁਸਲਮਾਨਾਂ ਆਦਿ ਤੋਂ ਬਿਲਕੁਲ ਵੱਖਰੀ ਆਪਣੀ ਰਹਿਤ ਬਹਿਤ ਅਤੇ ਆਪਣੇ ਹੀ ਅਸੂਲ ਹਨ, ਜਿਹਾ ਕਿ–ਮੰਤ੍ਰ, ਮੰਗਲਾ-ਚਰਨ, ਆਪਸੀ ਮੁਲਾਕਾਤ ਵੇਲੇ ਦੇ ਬੋਲੇ, ਧਰਮ ਪੁਸਤਕ ਤੇ ਗ੍ਰੰਥ, ਤੀਰਥ, ਮੰਦਰ, ਪੂਜਣ ਦੀਆਂ ਦਿਸ਼ਾਵਾਂ, ਇਸ਼ਨਾਨ ਆਦਿਕ ਮਰਯਾਦਾ, ਹੋਰ ਸੰਸਕਾਰ, ਚਿੰਨ੍ਹ, ਦਿਨ ਦਿਹਾਰ, ਭੇਟਾ-ਪ੍ਰਸ਼ਾਦ ਆਦਿ ਸਭ ਕੁਝ ਵੱਖ ਵੱਖ ਹੈ। ਖਾਨ-ਪਾਨ ਆਦਿ ਵੱਖ ਦਸਣ ਲਈ ਆਪ ਨੇ ਹਵਾਲੇ ਦਿਤੇ ਹਨ–

(੧) ਮੋਨੇ ਕਰ ਆਹਾਰ ਨਹਿ ਖਾਨਾ ॥ ਗੁਰ ਪ੍ਰਤਾਪ ਸੂਰਜ

ਇਸ ਹਵਾਲੇ ਦੇ ਹੇਠ ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਵਲੋਂ ਨੋਟ ਦਿੱਤਾ ਹੈ —

"ਚਾਹੇ ਸਿੱਖਾਂ ਵਿਚ ਛੂਤ ਛਾਤ ਦਾ ਵਹਿਮ ਨਹੀਂ, ਪਰ ਪਵਿੱਤਰਤਾ ਦੀ ਭਾਰੀ ਮਹਿਮਾ ਹੈ। ਅਨਯ ਧਰਮੀਆਂ ਦੇ ਹੱਥੋਂ ਖਾਨ ਪਾਨ ਕਰਨ ਨਾਲ ਪਵਿਤਰਤਾ ਵਿਚ ਰਹਿਤ ਅਨੁਸਾਰ ਅਨੇਕ ਵਿਘਨ ਪੈਂਦੇ ਹਨ।"

(੨) ਰਸੋਈਆ ਸਿਖ ਰਖੇ ॥ ਰਹਿਤਨਾਮਾ ਭਾਈ ਚੌਪਾ ਸਿੰਘ ਜੀ

(੩) ਜਾਤਿ ਪਾਤਿ ਕੋ ਭੇਦ ਨ ਕੋਈ ॥ ਚਾਰ ਵਰਨ ਅਚਵਹਿ ਇਕ ਹੋਈ ॥ –ਗੁਰਪ੍ਰਤਾਪ ਸੂਰਯ

ਇਨ੍ਹਾਂ ਪੰਗਤੀਆਂ ਦਾ ਭਾਵ ਸਪੱਸ਼ਟ ਹੈ ਕਿ ਪ੍ਰਸ਼ਾਦ ਛਕਣ ਵੇਲੇ ਜਾਤ ਪਾਤ ਦਾ ਕੋਈ ਭਿੰਨ-ਭੇਦ ਨਹੀਂ ਹੋਣਾ ਚਾਹੀਦਾ, ਚਾਰ ਵਰਨਾਂ ਦੇ ਲੋਕੀਂ ਇਕੋ ਪੰਗਤ ਵਿਚ ਬੈਠ ਕੇ, ਬਿਨਾਂ ਕਿਸੇ ਵਿਤਕਰੇ ਦੇ ਲੰਗਰ ਛਕਣ।

ਇਸੇ ਤਰ੍ਹਾਂ ਸਿਖਾਂ ਦੇ ਰਿਸ਼ਤੇ-ਨਾਤੇ ਵੀ ਸਿਖਾਂ ਨਾਲ ਹੀ ਕਰਨ ਬਾਰੇ ਹਵਾਲੇ ਇਉਂ ਦਿਤੇ ਹਨ–

(੧) ਨਾਤਾ ਗੁਰੂ ਕੇ ਸਿਖ ਨਾਲ ਕਰੇ ॥ ਰਹਿਤਨਾਮਾ ਭਾਈ ਚੌਪਾ ਸਿੰਘ ਜੀ

(੨) ਕੰਨਯਾ ਕੋ ਮਾਰੇ, ਮੋਨੇ ਕੋ ਕੰਨਯਾ ਦੇਵੇ, ਸੋ ਤਨਖਾਹੀਆ ਹੈ।

–ਸਿਖ ਕੋ ਸਿਖ ਪੁਤ੍ਰੀ ਦਈ, ਸੁਧਾ ਸੁਧਾ ਮਿਲ ਜਾਇ ॥
ਦਈ ਭਾਦਨੀ ਕੋ ਸੁਤਾ, ਅਹਿ ਮੁਖ ਅਮੀ ਚੁਆਇ ॥ ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਭਾਵ — ਜੇ ਕੋਈ ਸਿੱਖ ਕਿਸੇ ਸਿੱਖ ਦੇ ਘਰ ਵਿਚ ਆਪਣੀ ਪੁਤਰੀ ਦਾ ਨਾਤਾ ਕਰਦਾ ਹੈ ਤਾਂ ਉਹ ਅੰਮ੍ਰਿਤ ਅੰਮ੍ਰਿਤ ਵਿਚ ਮਿਲ ਜਾਂਦਾ ਹੈ, ਪਰ ਜੇ ਕੋਈ ਸਿੱਖ ਆਪਣੀ ਕੰਨਿਆ ਨੂੰ ਕਿਸੇ ਭਦਣ ਕਰਾਣ ਵਾਲੇ ਨੂੰ, ਅਥਵਾ ਕਿਸੇ ਅਸਿਖ ਦੇ ਘਰ ਦੇ ਦਿੰਦਾ ਹੈ ਤਾਂ ਇਉਂ ਹੈ ਜਿਵੇਂ ਕੋਈ ਸੱਪ ਦੇ ਮੂੰਹ ਵਿਚ ਅੰਮ੍ਰਿਤ ਪਾ ਦੇਵੇ।

(੩) ਕੰਨਯਾ ਦੇਵੇ ਸਿਖ ਕੋ, ਲੇਵੈ ਨਹਿ ਕਛ ਦਾਮ ॥
ਸੋਈ ਮੇਰਾ ਸਿਖ ਹੈ, ਪਹੁੰਚੇ ਸੋ ਮਮ ਧਾਮ ॥ ਗੁਰਪ੍ਰਤਾਪ ਸੂਰਜ

ਇਸੇ ਤਰ੍ਹਾਂ ਅੰਮ੍ਰਿਤ ਛਕਾਉਣ ਵੇਲੇ ਦੇ ਚਾਲੀ ਤੋਂ ਉਪਰ ਉਪਦੇਸ਼ਾਂ ਦਾ ਵੇਰਵਾ ਦੇ ਕੇ, ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਇਨ੍ਹਾਂ ਨੂੰ ਵਿਚਾਰ ਕੇ ਆਪ ਦੇਖ ਸਕਦੇ ਹੋ ਕਿ 'ਖਾਲਸਾ' ਹਿੰਦੂ ਆਦਿ ਧਰਮਾਂ ਤੋਂ ਭਿੰਨ ਹੈ।

ਫਿਰ ਆਪ ਭਾਈ ਨੰਦ ਲਾਲ ਸਿੰਘ ਜੀ ਦੀ ਪੁਸਤਕ ਤੌਸੀਫੋਸਨਾ ਦਾ ਹਵਾਲਾ ਦੇ ਕੇ ਅਖ਼ੀਰ ਵਿਚ ਲਿਖਦੇ ਹਨ ਕਿ–

"ਪਿਆਰੇ ਹਿੰਦੂ ਭਾਈ ! ਇਨ੍ਹਾਂ ਪ੍ਰਮਾਣਾਂ ਤੋਂ ਆਪ ਦੇਖ ਸਕਦੇ ਹੋ ਕਿ ਸਤਿਗੁਰੂ ਦੇ ਸਿੱਖ 'ਹਮ ਹਿੰਦੂ



www.AKJ.Org

ਨਹੀਂ' ਮਨ-ਉਕਤਿ ਨਹੀਂ ਆਖਦੇ, ਕਿੰਤੂ ਗੁਰਮਤਿ ਔਰ ਗੁਰੂ ਆਗਿਆ ਅਨੁਸਾਰ ਕਹਿੰਦੇ ਔਰ ਮੰਨਦੇ ਹਨ।''

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੀ ਪੁਸਤਕ ਦੇ ਮੁਢ ਵਿਚ ਤਖ਼ਤ ਕੇਸਗੜ੍ਹ ਸਾਹਿਬ, ਤਖ਼ਤ ਦਮਦਮਾ ਸਾਹਿਬ, ਹਜ਼ੂਰ ਸਾਹਿਬ, ਮੁਕਤਸਰ ਦਰਬਾਰ ਅਤੇ ਖਾਲਸਾ ਦੀਵਾਨ ਆਦਿ ਦੀਆਂ ਚਿੱਠੀਆਂ ਤੇ ਹੁਕਮਨਾਮੇ ਪੇਸ਼ ਕਰਕੇ ਦਸਿਆ ਹੈ ਕਿ ਹਿੰਦੂਆਂ ਮੁਸਲਮਾਨਾਂ ਤੋਂ ਨਿਆਰਾ ਤੀਸਰਾ ਪੰਥ ਖ਼ਾਲਸਾ ਸਾਜਿਆ ਹੋਇਆ ਹੈ।

(੨)

ਸਿੱਖ ਪੰਥਕ ਮਹਿਲ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ, ਜਿਸ ਦੀ ਉਸਾਰੀ ਦਸਵੇਂ ਪਾਤਸ਼ਾਹ ਜੀ ਤੱਕ ਹੁੰਦੀ ਰਹੀ। ਦਸਮ ਪਾਤਸ਼ਾਹ ਜੀ ਨੇ ੧੬੯੯ ਈਸਵੀ ਦੀ ਵੈਸਾਖੀ ਨੂੰ ਸਿੱਖ ਪੰਥ ਦੇ ਮਹਿਲ ਨੂੰ ਪੂਰਨ ਰੂਪ ਦੇ ਕੇ 'ਖ਼ਾਲਸਾ' ਸੰਪੂਰਨ ਕੀਤਾ ਅਤੇ ਆਪਣਾ ਨਿਜਤਵ 'ਖਾਲਸਾ ਪੰਥ' ਵਿਚ ਅਭੇਦ ਕਰ ਦਿੱਤਾ।

ਇਸ ਸੰਬੰਧ ਵਿਚ ਗੁਰਬਾਣੀ ਤੇ ਗੁਰ ਇਤਿਹਾਸ ਵਿਚੋਂ ਹਵਾਲੇ ਦੇਣ ਤੋਂ ਪਹਿਲਾਂ ਇਕ ਗੱਲ ਸਪੱਸ਼ਟ ਕਰਨ ਦੀ ਲੋੜ ਭਾਸਦੀ ਹੈ। ਕਈ ਢੁਚਰਬਾਜ਼ ਸੱਜਣ ਕਹਿਣਗੇ ਕਿ ਜੀ, ਅਸੀਂ 'ਪੰਥ' ਦੀ ਗੱਲ ਤਾਂ ਕਰਦੇ ਹੀ ਨਹੀਂ, ਅਸੀਂ ਤਾਂ 'ਕੌਮ' ਦੀ ਗੱਲ ਕਰਦੇ ਹਾਂ।

ਅਜਿਹੀਆਂ ਢੁਚਰਾਂ ਦੇ ਉਤਰ ਵਿਚ ਬੇਨਤੀ ਹੈ ਕਿ ਹਵਾਲੇ ਦੀਆਂ ਤੁਕਾਂ ਵਿਚ 'ਕੌਮ' ਦੀ ਥਾਂ ਹੀ 'ਪੰਥ' ਦੀ ਵਰਤੋਂ ਕੀਤੀ ਗਈ ਹੋਈ ਹੈ। ਜਿਵੇਂ ਹਿੰਦੂ ਤੇ ਮੁਸਲਮਾਨ ਭਾਈਆਂ ਲਈ ਪੰਥ ਸ਼ਬਦ ਦੀ ਵਰਤੋਂ ਹੈ ਓਵੇਂ ਹੀ 'ਖਾਲਸਾ' ਕੌਮ ਲਈ ਵੀ 'ਪੰਥ' ਸ਼ਬਦ ਵਰਤਿਆ ਹੋਇਆ ਹੈ, ਜਿਹਾ ਕਿ–

'ਦੁਹੂ ਪੰਥ' ਮੈਂ ਕਪਟ ਵਿਦਯਾ ਚਲਾਨੀ॥ ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ॥
ਕਰਹੁ 'ਖਾਲਸਾ ਪੰਥ' ਤੀਸਰ ਪ੍ਰਵੇਸਾ ॥ ਜਗੇਂ ਸਿੰਘ ਜੋਧੇ ਧਰੈਂ ਨੀਲ ਭੇਸਾ॥

ਦਸਮ ਗ੍ਰੰਥ, ਉਗ੍ਰਦੰਤੀ, ਛਕੇ

ਉਪਰੋਕਤ ਤੁਕਾਂ ਸਪੱਸ਼ਟ ਕਰਦੀਆਂ ਹਨ ਕਿ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਮਜ਼ਹਬਾਂ ਤੋਂ ਇਲਾਵਾ ਤੀਜਾ ਮਜ਼ਹਬ ਖਾਲਸਾ ਇਸ ਕਰਕੇ ਸਾਜਿਆ ਗਿਆ ਕਿ ਪਹਿਲਿਆਂ ਵਿਚ ਕਪਟ ਤੇ ਪਾਖੰਡ ਨੇ ਆ ਡੇਰੇ ਲਾਏ ਸਨ। ਉਨ੍ਹਾਂ ਦੋਹਾਂ ਤੋਂ ਇਲਾਵਾ ਤੀਸਰਾ ਪੰਥ ਖਾਲਸਾ ਸਾਜਿਆ ਗਿਆ।

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸਪੱਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਪੰਥ ਨੂੰ ਇਕ ਵੱਖਰਾ ਰੂਪ ਦਿੱਤਾ, ਜਿਹਾ ਕਿ ਜਦੋਂ ਆਪ ਜੀ ਦੀ ਸੁਮੇਰ ਪਰਬਤ ਪਰ ਜੋਗੀਆਂ ਨਾਲ ਚਰਚਾ ਹੋਈ ਸੀ ਤਾਂ ਆਪ ਜੀ ਨੇ ਜੋਗੀਆਂ ਦੇ ਪੰਥ ਨੂੰ ਆਪਣੇ ਵਿਚਾਰਾਂ ਨਾਲ ਜਿੱਤ ਕੇ ਆਪਣੇ ਨਵੇਕਲੇ ਤੇ ਵੱਖਰੇ ਪੰਥ ਨੂੰ ਉਜਾਗਰ ਕੀਤਾ :–

ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਆਪਣਾ ਪੰਥੁ ਨਿਰਾਲਾ॥
ਕਲਿਜੁਗਿ ਨਾਨਕ ਨਾਮੁ ਸੁਖਾਲਾ ॥੩੧॥ (੧)

ਇਸੇ ਤਰ੍ਹਾਂ ਜਦੋਂ ਗੁਰੂ ਨਾਨਕ ਦੇਵ ਜੀ ਆਖ਼ਰੀ ਉਦਾਸੀ ਸਮੇਂ ਮੁਲਤਾਨ ਦੇ ਪੀਰਾਂ ਦੀ ਜ਼ਿਆਰਤ ਕਰਨ ਗਏ ਤਾਂ ਉਨ੍ਹਾਂ ਨੂੰ ਵੀ ਆਪਣੇ ਨਿਰਾਲੇ ਮਿਸ਼ਨ ਦੀ ਸਾਧਾਰਨ ਜਿਹੀ ਘਟਨਾ ਨਾਲ ਸੋਝੀ ਦੇ ਕੇ ਵਾਪਸ ਕਰਤਾਰਪੁਰ ਆ ਗਏ। ਓਦੋਂ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਉਂ ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਸੰਸਾਰ ਵਿਚ ਹੀ ਆਪਣੇ ਨਿਰਾਲੇ ਤੇ ਨਿਰਮਲ ਪੰਥ ਨੂੰ ਪ੍ਰਚਾਰਦੇ ਹੋਏ, ਅਖ਼ੀਰ ਭਾਈ ਲਹਿਣਾ ਜੀ ਵਿਚ ਆਪਣੀ ਜੋਤਿ ਨੂੰ ਲੀਨ ਕਰ ਗਏ–

ਮਾਰਿਆ ਸਿਕਾ ਜਗਤ੍ਰ ਵਿਚਿ, ਨਾਨਕ ਨਿਰਮਲ ਪੰਥ ਚਲਾਇਆ॥



www.AKJ.Org

ਥਾਪਿਆ ਲਹਿਣਾ ਜੀਵਦੇ, ਗੁਰਿਆਈ ਸਿਰਿ ਛਤ੍ਰ ਫਿਰਾਇਆ ॥
ਜੋਤੀ ਜੋਤਿ ਮਿਲਾਇ ਕੈ, ਸਤਿਗੁਰ ਨਾਨਕ ਰੂਪ ਵਟਾਇਆ ॥
ਲਖਿ ਨ ਕੋਈ ਸਕਈ, ਆਚਰਜੇ ਆਚਰਜ ਦਿਖਾਇਆ ॥
ਕਾਇਆ ਪਲਟਿ ਸਰੂਪ ਬਣਾਇਆ ॥੪੫॥ (੧)

ਇਕ ਹੋਰ ਪਉੜੀ ਵਿਚ ਭਾਈ ਗੁਰਦਾਸ ਜੀ ਵੱਖਰੇ ਖਾਲਸਾ ਨਿਰਮਲ ਪੰਥ ਦੀ ਸਿਰਜਨਾ ਦੀ ਪਿਠ-ਭੂਮੀ ਉਲੀਕਦੇ ਹੋਏ ਦੋਹਾਂ ਮਜ਼ਹਬਾਂ ਦੇ ਵੱਖ ਵਖ ਫ਼ਿਰਕਿਆਂ, ਧਰਮ ਸਥਾਨਾਂ, ਮਜ਼ਹਬੀ ਸੰਸਕਾਰਾਂ ਅਤੇ ਧਰਮ ਗ੍ਰੰਥਾਂ ਆਦਿ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਦੋਵੇਂ ਹੀ ਖ਼ੁਦੀ, ਬਖ਼ੀਲੀ ਆਦਿ ਕਰਕੇ ਆਪੋ ਵਿਚ ਖਹਿ ਖਹਿ ਮਰ ਰਹੇ ਹਨ ਅਤੇ ਇਸੇ ਖਿਚੋਤਾਣ ਵਿਚ ਭੁਲ ਕੇ ਸੱਚ ਤੋਂ ਕੋਹਾਂ ਦੂਰ ਹੋ ਗਏ ਹਨ—

ਚਾਰਿ ਵਰਨ, ਚਾਰਿ ਮਜ਼ਹਬਾਂ, ਜਗ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲੀ ਤਕਬਰੀ, ਖਿੰਚੋਤਾਣ ਕਰੇਨਿ ਧਿਙਾਣੇ ॥
ਗੰਗ ਬਨਾਰਸ ਹਿੰਦੂਆ, ਮਕਾ ਕਾਬਾ ਮੁਸਲਮਾਣੇ ॥
ਸੁੰਨਤ ਮੁਸਲਮਾਣ ਦੀ, ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਇਦੇ, ਇਕੁ ਨਾਮੁ ਦੁਇ ਰਾਹ ਭੁਲਾਣੇ ॥
ਸਚੁ ਕਿਨਾਰੇ ਰਹਿ ਗਇਆ, ਖਹਿ ਮਰਦੇ ਬਾਮਣ ਮੁਲਾਣੇ ॥
ਸਿਰੋ ਨ ਮਿਟੇ ਆਵਣ ਜਾਣੇ ॥੨੧॥ (੧)

ਇਸ ਆਪੋ ਵਿਚੀ ਖਹਿ ਖਹਿ ਕਾਰਨ ਲੁਕਾਈ 'ਹੈ ਹੈ' ਕਰ ਉਠੀ। ਤਾਂ ਫਿਰ ਸੱਚ ਨੂੰ ਪ੍ਰਕਾਸ਼ਮਾਨ ਕਰਨ ਲਈ ਗੁਰੂ ਨਾਨਕ ਦੇਵ ਜੀ ਆਪਣਾ ਨਵਾਂ ਮਿਸ਼ਨ ਲੈ ਕੇ ਇਸ ਸੰਸਾਰ ਵਿਚ ਆਏ ਅਤੇ ਪਾਪ-ਗ੍ਰਾਸੀ ਪ੍ਰਿਥਵੀ ਦੇ ਲੋਕਾਂ ਨੂੰ ਸੱਚ ਦੀ ਸੋਝੀ ਬਖਸ਼ੀ ਅਤੇ ਇਸ ਨਿਰਮਲ ਪੰਥ ਨੂੰ ਉਜਾਗਰ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਤੱਕ ਸ੍ਰੀ ਗੁਰੂ ਸਾਹਿਬਾਨ ਨੇ ਅਰਸ਼ੀ ਬਾਣੀ ਦੁਆਰਾ ਜਿਥੇ ਮੁਸਲਮਾਨਾਂ ਨੂੰ ਸਮਝਾਉਣੀਆਂ ਦਿੱਤੀਆਂ ਹਨ, ਉਥੇ ਹਿੰਦੂ ਰੀਤਾਂ ਆਦਿ ਦਾ ਪੁਰਜ਼ੋਰ ਖੰਡਨ ਕੀਤਾ ਹੈ ਅਤੇ ਜਨੇਊ, ਸੂਤਕ ਪਾਤਕ, ਬੁਤ ਪੂਜਾ ਅਤੇ ਜੰਮਣ ਮਰਨ ਦੀਆਂ ਰੀਤਾਂ ਰਸਮਾਂ ਆਦਿ ਦਾ ਤਿਆਗ ਕਰ ਕੇ ਨਿਰੰਕਾਰੀ ਨਾਮ ਵਾਲੇ ਸੱਚੇ ਪੰਥ ਨੂੰ ਪ੍ਰਗਟ ਕਰ ਵਿਖਾਇਆ।

ਇਤਿਹਾਸ ਵਿਚ ਆਉਂਦਾ ਹੈ ਕਿ ਨਾਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਤੋਂ ਪਹਿਲਾਂ ਔਰੰਗਜ਼ੇਬ ਨੂੰ ਦਸਿਆ ਕਿ ਤੂੰ ਇਹ ਭੁਲੇਖਾ ਮਨ ਵਿਚੋਂ ਕੱਢ ਦੇਹ ਕਿ ਹਿੰਦੂਆਂ ਦਾ ਨਾਮੋ ਨਿਸ਼ਾਨ ਮਿਟਾ ਕੇ ਦੋਹਾਂ ਮਜ਼ਹਬਾਂ ਵਿਚੋਂ ਇਕੋ ਮੁਸਲਮਾਨ ਮਜ਼ਹਬ ਰਹਿਣ ਦੇਣਾ ਹੈ। ਕਰਤਾ ਪੁਰਖ ਦੀ ਅਜਿਹੀ ਮਰਜ਼ੀ ਨਹੀਂ। ਉਨ੍ਹਾਂ ਨੇ ਬਹੁਤ ਸਾਰੀਆਂ ਕਾਲੀਆਂ ਮਰਚਾਂ ਮੰਗਵਾਈਆਂ, ਜਿਨ੍ਹਾਂ ਨੂੰ ਸਾੜ ਕੇ ਸੁਆਹ ਕਰ ਦਿਤਾ ਗਿਆ। ਜਦੋਂ ਉਹ ਸੁਆਹ ਛਾਣੀ ਗਈ ਤਾਂ ਉਸ ਵਿਚੋਂ ਤਿੰਨ ਮਰਚਾਂ ਸਾਬਤ ਨਿਕਲੀਆਂ। ਆਪ ਜੀ ਨੇ ਔਰੰਗਜ਼ੇਬ ਨੂੰ ਦਸਿਆ ਕਿ ਕਰਤਾ ਪੁਰਖ ਦੀ ਇੱਛਾ ਅਨੁਸਾਰ ਇਨ੍ਹਾਂ ਦੋਹਾਂ ਮਜ਼ਹਬਾਂ ਤੋਂ ਇਲਾਵਾ ਤੀਜਾ ਮਜ਼ਹਬ ਵੀ ਵਧੇ ਫੂਲੇ ਤੇ ਉਜਾਗਰ ਹੋਵੇਗਾ।

ਬਚਿਤ੍ਰ ਨਾਟਕ ਵਿਚ ਦਸਮ ਪਾਤਸ਼ਾਹ ਜੀ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਹਿੰਦੂ, ਮੁਸਲਮਾਨ ਦੋਹਾਂ ਧਰਮਾਂ ਦੇ ਧਾਰਮਕ ਆਗੂ ਅਕਾਲ ਪੁਰਖ ਨੂੰ ਛੱਡ ਕੇ ਆਪੋ ਆਪਣੀ ਪੂਜਾ-ਪ੍ਰਤਿਸ਼ਠਾ ਕਰਵਾਉਣ ਦੀ ਕੂਰ ਕਿਰਿਆ ਵਿਚ ਪਰਵਿਰਤ ਹੋ ਗਏ ਤਾਂ ਆਪ ਨੂੰ ਤਪ ਸਾਧਦਿਆਂ ਨੂੰ ਅਕਾਲ ਪੁਰਖ ਨੇ ਬੁਲਾ ਕੇ ਪੰਥ ਪ੍ਰਚੁਰ ਕਰਨ ਦੀ ਆਗਿਆ ਕੀਤੀ—

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥


www.AKJ.Org

ਜਾਹਿ ਤਹਾ ਤੇ ਧਰਮੁ ਚਲਾਇ ॥ ਕੁਬੁਧਿ ਕਰਨ ਤੇ ਲੋਕ ਹਟਾਇ ॥੨੯॥
ਤਦੋਂ–ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ ॥
**ਪੰਥ ਚਲੈ ਤਬ ਜਗਤ ਮੈ**, ਜਬ ਤੁਮ ਕਰਹੁ ਸਹਾਇ ॥੩੦॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਜੇ ਨਿਵਾਜੇ ਨਿਰਮਲ ਪੰਥ ਨੂੰ ਪ੍ਰਚਾਰਨ ਲਈ ਕਲਗੀਧਰ ਪਾਤਸ਼ਾਹ ਜੀ ਨੇ ਪੰਥ ਨੂੰ ਪੂਰਨ ਖ਼ਾਲਸੇ ਦਾ ਰੂਪ ਦੇ ਕੇ ਨਿਯਮ-ਬਧ ਕੀਤਾ ਅਤੇ ਖਾਲਸਾ ਪੰਥ ਨੂੰ ਸਾਰੀ ਦੁਨੀਆ ਤੋਂ ਉਪਰ ਉਠਾ ਕੇ ਪੰਚਾਇਤੀ ਅਸੂਲਾਂ ਅਨੁਸਾਰ ਨਿਯਮ-ਬੱਧ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸਰਦਾਰੀ ਬਖ਼ਸ਼ੀ ਅਤੇ ਫੁਰਮਾਇਆ ਕਿ ਜਦ ਤੱਕ ਇਹ ਸਭ ਮਜ਼ਹਬਾਂ ਤੋਂ ਆਸ਼ਾ, ਇਸ਼ਟ, ਉਪਾਸ਼ਨਾ, ਖਾਨ ਪਾਨ ਪਹਿਰਾਨ ਕਰਕੇ ਨਿਆਰਾ ਰਹੇਗਾ ਤਦ ਤਕ ਮੇਰਾ ਪੂਰਨ ਤੇਜ-ਪ੍ਰਤਾਪ ਇਸ ਵਿਚ ਕਾਇਮ ਰਹੇਗਾ–

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥

ਅਤੇ ਇਸ ਦੇ ਨਾਲ ਹੀ ਚਿਤਾਵਨੀ ਦਿੱਤੀ ਕਿ ਜੇ ਇਹ ਆਪਣਾ ਨਿਆਰਾ-ਪਣ ਛੱਡ ਕੇ ਮਿਲਗੋਭਾ-ਪੰਥੀ ਬਣ ਜਾਏਗਾ ਤਾਂ ਮੇਰੀ ਪ੍ਰਤੀਤ ਤੋਂ ਵਿਰਵਾ ਹੋ ਜਾਏਗਾ, ਯਥਾ–

ਜਬ ਇਹ ਗਹੈ ਬਿਪਰਨ ਕੀ ਰੀਤਿ ॥ ਮੈਂ ਨ ਕਰਹੁ ਇਨ ਕੀ ਪ੍ਰਤੀਤਿ ॥

ਇਸ ਗੱਲ ਦੀ ਪੁਸ਼ਟੀ ਰਹਿਤਨਾਮਿਆਂ ਅਤੇ ਸਿੱਖ ਇਤਿਹਾਸ ਵਿਚੋਂ ਵੀ ਹੁੰਦੀ ਹੈ, ਜਿਹਾ ਕਿ–

–ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ ॥ –ਰਹਿਤਨਾਮਾ ਭਾਈ ਚੌਪਾ ਸਿੰਘ ਜੀ
–ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ ॥ –ਰਹਿਤਨਾਮਾ ਭਾਈ ਦਯਾ ਸਿੰਘ ਜੀ
–ਦੋ ਤੇ ਤੀਨ ਪੰਥ ਕਰ ਲੈ ਹੈਂ ॥
ਲੈ ਆਯਸ ਗੁਰਦੇਵ ਕੀ ਸ੍ਰੀ ਖਾਲਸ ਮਹਾਰਾਜ ॥
ਪ੍ਰਗਟ ਕਰਯੋ ਜਗ ਖਾਲਸਾ ਹਿੰਦੂ ਤੁਰਕ ਸਿਰਤਾਜ ॥ –ਗੁਰ ਬਿਲਾਸ
–ਪੁਨ ਹਿੰਦੂ ਤੁਰਕਨ ਤੇ ਨਯਾਰਾ ॥ ਰਚੋਂ ਪੰਥ ਯਹਿ ਬਲੀ ਅਪਾਰਾ ॥ –ਪੰਥ ਪ੍ਰਕਾਸ਼
–ਪੂਰਬ ਹਿੰਦੂ ਤੁਰਕ ਹੈਂ ਦੋਇ ॥ ਅਬ ਤੇ ਤੀਨ ਜਾਨੀਏ ਹੋਇ ॥ –ਗੁਰਪ੍ਰਤਾਪ ਸੂਰਯ
–ਇਹ ਬਖਸੀਸ ਕਰੀ ਕਰਤਾਰੇ ॥ ਪ੍ਰਭੂ ਬਾਕ ਇਹ ਕਰੋ ਬਿਚਾਰੇ ॥
ਤੁਮ ਮੇਰਾ ਇਕ ਪੰਥ ਚਲਾਵੋ ॥ ਸੁਮੱਤ ਦੇਹਿ ਲੋਗਨ ਸਮਝਾਵੋ ॥
–ਹਜ਼ੂਰੀ ਕਵੀ ਸੈਨਾਪਤਿ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਸਿਖ ਮਿਸਲਾਂ ਤਕ ਖਾਲਸਾ ਨਿਆਰਾ ਵਿਚਰਦਾ ਰਿਹਾ, ਪਰ ਸਿਖ ਰਾਜ ਆਉਣ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਵਿਚ ਡੋਗਰੇ ਤੇ ਹਿੰਦੂ ਬ੍ਰਾਹਮਣ ਆਦਿ ਵੀ ਕਾਫ਼ੀ ਗਿਣਤੀ ਵਿਚ ਘੁਸੜ ਗਏ ਅਤੇ ਉਨ੍ਹਾਂ ਨੇ ਸਿਖ ਰਹੁ-ਰੀਤੀ ਵਿਚ ਅਤੇ ਸਿਖ ਇਤਿਹਾਸ ਆਦਿ ਵਿਚ ਵੀ ਬੜਾ ਕੁਝ ਮਿਲਗੋਭਾ ਕਰ ਵਿਖਾਇਆ, ਜਿਸ ਦੇ ਸਿੱਟੇ ਵਜੋਂ ਕਿਸੇ ਨਾ ਕਿਸੇ ਰੂਪ ਵਿਚ ਸਿਖਾਂ ਨੂੰ ਹਿੰਦੂ ਸਾਬਤ ਕਰਨ ਲਈ ਅਨੇਕਾਂ ਜਤਨ ਕੀਤੇ ਜਾਂਦੇ ਤੁਰੇ ਆ ਰਹੇ ਹਨ ।

ਅੰਗਰੇਜ਼ੀ ਰਾਜ ਵੇਲੇ ਸਿਖਾਂ ਲਈ ਵਖਰਾ ਅਨੰਦ ਮੈਰਿਜ ਐਕਟ ਬਣਾਇਆ ਜਾਣਾ ਵੀ ਸਿਧ ਕਰਦਾ ਹੈ ਕਿ ਸਿਖ ਹਿੰਦੂਆਂ ਤੋਂ ਵਖਰੀ ਤੇ ਨਿਵੇਕਲੀ ਕੌਮ ਹੈ।

ਪੰਜਾਬ ਦੀ ਵੰਡ ਤਕ ਹਿੰਦੂਆਂ ਮੁਸਲਮਾਨਾਂ ਵਾਂਗ ਸਿਖਾਂ ਦੀ ਵਖਰੀ ਕੌਮ ਮੰਨੀ ਜਾਂਦੀ ਰਹੀ ਹੈ ਅਤੇ ਅੰਗਰੇਜ਼ਾਂ ਵਲੋਂ ਜਦੋਂ ਵੀ ਭਾਰਤ ਦੀ ਅਜ਼ਾਦੀ ਦੇਣ ਲਈ ਸੱਦੇ ਮਿਲਦੇ ਰਹੇ ਤਾਂ ਸਿਖ ਉਨ੍ਹਾਂ ਸਾਰਿਆਂ ਸੰਮੇਲਨਾਂ ਵਿਚ ਤੀਜੀ ਕੌਮ ਦੇ ਤੌਰ ਤੇ ਹੀ ਸ਼ਾਮਲ ਕੀਤੇ ਜਾਂਦੇ ਰਹੇ ।

ਫਿਰ ਕਾਂਗਰਸੀ ਨੇਤਾਵਾਂ ਵਲੋਂ ਜਦੋਂ ਜਦੋਂ ਵੀ ਕਾਂਗਰਸ ਸੈਸ਼ਨ ਹੁੰਦੇ ਰਹੇ ਜਾਂ ਉਚੇਚੀਆਂ ਮੀਟਿੰਗਾਂ


www.AKJ.Org

ਆਦਿ ਹੁੰਦੀਆਂ ਰਹੀਆਂ, ਓਦੋਂ ਓਦੋਂ ਵੀ ਸਿਖਾਂ ਨੂੰ ਤੀਜੀ ਕੌਮ ਦੇ ਅਧਾਰ ਤੇ ਉਨ੍ਹਾਂ ਨਾਲ ਪੂਰਾ ਇਨਸਾਫ਼ ਕਰਨ ਦੇ ਵਾਹਿਦੇ ਹੁੰਦੇ ਰਹੇ।

ਹੁਣੇ ਜਿਹੇ ਜੂਨ ੮੩ ਵਿਚ ਹੀ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੀ ਪੰਜਾਬ ਦੇ ਦੌਰੇ ਤੇ ਆਏ ਤਾਂ ਆਪ ਨੇ ਸਿਖਾਂ ਦੀ ਸੂਰਬੀਰਤਾ ਵਰਨਣ ਕਰਦੇ ਹੋਇਆਂ ਸ਼ਲਾਘਾ ਕੀਤੀ ਅਤੇ ਸਿਖਾਂ ਦਾ ਜ਼ਿਕਰ ਕਰਦਿਆਂ ਬਾਰ ਬਾਰ "ਸਿਖ ਕੌਮ" ਦਾ ਸ਼ਬਦ ਵਰਤਿਆ।

ਅਜਬ ਖੇਡ ਹੈ ਕਿ ਸਿਖਾਂ ਨਾਲ ਇਕਰਾਰ ਕਰਦਿਆਂ, ਇਨ੍ਹਾਂ ਦੀ ਬਹਾਦਰੀ ਦਸਦਿਆਂ ਹੋਇਆਂ ਤਾਂ "ਸਿਖ ਕੌਮ" ਹੈ, ਪਰ ਵਖਰੀ ਕੌਮ ਹੋਣ ਦੇ ਨਾਤੇ ਜਦੋਂ ਅਮਲੀ ਤੌਰ ਤੇ ਉਨ੍ਹਾਂ ਦੇ ਹੱਕ ਦੇਣ ਦਾ ਸੁਆਲ ਪੈਦਾ ਹੁੰਦਾ ਹੈ ਤਾਂ ਫਿਰ ਸਭ ਪਾਸਿਓਂ ਅਵਾਜ਼ੇ ਕਸੀਣੇ ਸ਼ੁਰੂ ਹੋ ਜਾਂਦੇ ਹਨ ਕਿ ਸਿਖ ਤਾਂ ਵਖਰੀ ਕੌਮ ਹੀ ਕੋਈ ਨਹੀਂ। ਕੀ ਇਹ ਸਭ ਕੁਝ ਮਗਰਮੱਛ ਦੇ ਅਥਰੂਆਂ ਵਾਂਗ ਹੀ ਠੱਗੀ-ਠੋਰੀ ਨਹੀਂ ?

ਹੁਣੇ ਜਿਹੇ ਹੀ ਸੰਸਕ੍ਰਿਤ ਦੇ ਆਚਾਰੀਆ, ਵੇਦਾਂ ਸ਼ਾਸਤ੍ਰਾਂ ਦੇ ਗਿਆਤਾ ਅਤੇ ਉਪਨਿਸ਼ਦਾਂ ਆਦਿ ਦੇ ਵਖਿਆਤਾ, ਵੇਦਾਂਤ ਦੇ ਮਹਾਨ ਵਿਦਵਾਨ ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ ਹੋਏ ਹਨ, ਜਿਨ੍ਹਾਂ ਦੇ ਸੰਸਕ੍ਰਿਤ ਤੇ ਹਿੰਦੀ ਗ੍ਰੰਥਾਂ ਦੀ ਵਿਦਵਾਨਾਂ ਵਿਚ ਬੜੀ ਚਰਚਾ ਤੇ ਸ਼ਲਾਘਾ ਕੀਤੀ ਜਾਂਦੀ ਹੈ। ਦੰਡੀ ਸੁਆਮੀ ਜੀ ਨੇ, ਹਿੰਦੂ ਗ੍ਰੰਥਾਂ ਦੇ ਖੋਜੀ ਹੋਣ ਦੇ ਨਾਤੇ, ਉਨਾਂ ਗ੍ਰੰਥਾਂ ਵਿਚ ਬਿਆਨੇ ਕਈ ਪ੍ਰਕਾਰ ਦੇ ਸੰਸਕਾਰਾਂ ਆਦਿ ਦੇ ਭੇਦ ਖੋਲ੍ਹੇ ਹਨ, ਅਤੇ ਅਖ਼ੀਰ ਵਿਚ ਇਸ ਸਿੱਟੇ ਤੇ ਪੁਜੇ ਹਨ ਕਿ ਸਿਖ ਧਰਮ ਦੇ ਸੰਸਕਾਰ ਹੀ ਸਾਰਥਿਕ, ਕਲਿਆਣਕਾਰੀ ਤੇ ਸੱਚ ਤੇ ਆਧਾਰਤ ਹੋ ਸਕਦੇ ਹਨ। ਗੁਰਬਾਣੀ ਦਾ ਅਧਿਐਨ ਕਰਨ ਨਾਲ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ ਅਤੇ ਆਖ਼ਰੀ ਉਮਰ ਵਿਚ ਉਹ ਸਿਖ ਸਜ ਗਏ ਅਤੇ ਸਿਖੀ ਸਰੂਪ ਵਿਚ ਹੀ ਉਹ ਅੰਤ ਨੂੰ ਅਕਾਲ ਚਲਾਣਾ ਕਰ ਗਏ।

ਇਕ ਸਮੇਂ ਉਨ੍ਹਾਂ ਇਹ ਬਚਨ ਕਹੇ, "ਜੀਵਨ ਭਰ ਸਾਧੂ ਸੰਤੋਂ ਕੀ ਸੇਵਾ ਕੀ, ਤਪ ਸਾਧੇ, ਤੀਰਥੋਂ ਪਰ ਭ੍ਰਮਣ ਕੀਆ, ਅੰਤ ਇਸੀ ਨਿਸਚੇ ਪਰ ਪਹੁੰਚਾ ਹੂੰ ਕਿ ਜੋ ਕੁਛ ਗੁਰੂ ਘਰ ਮੇਂ ਹੈ, ਉਸ ਸੇ ਉਤਮ ਹੋਰ ਕਹੀਂ ਨਹੀਂ।"

ਸਵਾਮੀ ਦੰਡੀ ਸੰਨਿਆਸੀ ਜੀ ਨੇ ਆਪਣੀ ਪੁਸਤਕਾ "ਸਰਵੋਤਮ ਧਰਮ ਖਾਲਸਾ ਪੰਥ" ਵਿਚ, ਸਵਾਮੀ ਮਹੇਸ਼ਵਰਾ ਨੰਦ ਜੀ ਮਹਾਂ ਮੰਡਲੇਸ਼ਵਰ ਦੀ ਸੰਸਕ੍ਰਿਤ-ਪੁਸਤਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਜੋ ਕੁਝ ਲਿਖਿਆ ਹੈ, ਉਸ ਦਾ ਅਨੁਵਾਦ ਇਉਂ ਦਿੱਤਾ ਹੈ—

> "ਭਾਰਤ ਦੇ ਵੀਰਾਂ ਵਿਚ ਮੁਖ ਗਿਣੇ ਜਾਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹਿੰਦੂ ਜਾਤਿ ਦੇ ਪਵਿਤ੍ਰ ਖਤ੍ਰੀ ਕੁਲ ਵਿਚ ਹੋਇਆ ਸੀ। ਉਹ ਹਿੰਦੂਆਂ ਦੇ ਸ਼ਾਸਤ੍ਰ ਪੁਰਾਣ ਆਦਿਕਾਂ ਵਿਚ ਕਥਨ ਕੀਤੇ ਹੋਏ ਜਨਮ ਤੋਂ ਜਾਤਿ ਲੈ ਕੇ ਕੀਤੇ ਜਾਣ ਵਾਲੇ ਜ਼ਹਿਰ ਦੇ ਭਰੇ ਹੋਏ, ਊਚ ਨੀਚ ਰੂਪ ਭੇਦ ਭਾਵ ਦੇ ਵਿਵਹਾਰ ਤੋਂ ਬਹੁਤ ਦੁਖੀ ਹੋਏ। ਉਸ ਨੇ ਜਨਮ ਤੋਂ ਹੀ ਬ੍ਰਾਹਮਣ ਆਦਿ ਭੇਦ ਨੂੰ ਨਿਰੂਪਣ ਕਰਨ ਵਾਲੇ ਹਿੰਦੂ ਧਰਮ ਦੇ ਭਟਕੇ ਹੋਏ ਤੇ ਔਖੇ ਆਦੇਸ਼ਾਂ ਦਾ ਤਿਆਗ ਕਰ ਕੇ "ਖਾਲਸਾ" ਨਾਮ ਵਾਲੇ ਅਤਿ ਨਵੀਨ, ਪਰਮ ਉਦਾਰ ਸਿੱਖ ਪੰਥ ਦਾ ਨਿਰਮਾਣ ਕੀਤਾ।......ਐਸਾ ਉਪਦੇਸ਼ ਆਪਣੇ ਸ਼ਰਧਾਲੂ ਸਿਖਾਂ ਨੂੰ ਦਿਤਾ—
>
> ਗੁਰੂ ਘਰ ਜਨਮ ਤੁਮਾਰੇ ਹੋਏ। ਪਿਛਲੇ ਜਾਤਿ ਵਰਣ ਸੰਭ ਖੋਏ। ਚਾਰ ਵਰਣ ਕੇ ਏਕੋ ਭਾਈ।
> ਧਰਮ ਖਾਲਸਾ ਪਦਵੀ ਪਾਈ। ਹਿੰਦੂ ਤੁਰਕ ਸੇ ਆਹਿ ਨਿਆਰਾ। ਸਿੰਘ ਮਜਹਬ ਅਬ ਤੁਮ ਨੇ ਧਾਰਾ।
>
> —ਇਤਿਹਾਸਕ ਗ੍ਰੰਥ

...ਇਸ ਪ੍ਰਕਾਰ ਸ੍ਰੀ ਸਵਾਮੀ ਮਹੇਸ਼ਵਰਾ ਨੰਦ ਜੀ ਮਹਾਂ ਮੰਡਲੇਸ਼ਵਰ ਦੇ ਮਤ ਅਨੁਸਾਰ ਭੀ ਸਿੱਖਾਂ ਨੂੰ



www.AKJ.Org

ਹਿੰਦੂ ਮੰਨਣਾ ਮਹਾਂ ਮੂਰਖਤਾ ਹੈ।''

ਸਿੱਖ ਧਰਮ ਦੀ ਵਿਆਖਿਆ ਕਰਦੇ ਹੋਏ ਦੰਡੀ ਸਵਾਮੀ ਜੀ ਸਾਰ ਸਿੱਟਾ ਲਿਖਦੇ ਹਨ, ''ਇਸ ਪ੍ਰਕਾਰ ਦੇ ਹਿੰਦੂ ਧਰਮ ਦੇ ਉਲਟ ਧਰਮ ਵਾਲੇ ਸਿੱਖਾਂ ਨੂੰ ਹਿੰਦੂ ਮੰਨਣਾ ਮਹਾਂ ਮੂਰਖਤਾ ਹੈ।''

ਪੁਸਤਕ ਦੇ ਅੰਤ ਵਿਚ ਆਪ ਲਿਖਦੇ ਹਨ, ''ਜੇਕਰ ਗੁਰੂ ਜੀ ਹਿੰਦੂ ਰਹਿਣਾ ਪਸੰਦ ਕਰਦੇ ਤਾਂ ਉਹ 'ਹਿੰਦੂ ਤੁਰਕ ਤੇ ਰਹੈ ਨਿਆਰਾ' ਅਤੇ ਹਿੰਦੂ ਤੇ ਮੁਸਲਮਾਨ ਤੋਂ ਵੱਖਰਾ ਕਰਨ ਵਾਲਾ ਉਪਦੇਸ਼ ਆਪਣੇ ਸਿੱਖਾਂ ਨੂੰ ਨਾ ਦਿੰਦੇ।...ਜੇਕਰ ਹਿੰਦੂ ਰਹਿੰਦੇ ਹੋਏ ਭੀ ਅਸਲੀ ਧਰਮ ਦੀ ਰਖਿਆ ਹੋ ਸਕਦੀ ਤਾਂ ਗੁਰੂ ਜੀ ਹਿੰਦੂ ਅਤੇ ਮੁਸਲਮਾਨ ਤੋਂ ਵੱਖਰੇ ਤੀਸਰੇ ਸਿਖ ਪੰਥ ਵਾਲੇ ਪੰਥ ਦਾ ਨਿਰਮਾਣ ਨ ਕਰਦੇ। ਇਸ ਲਈ ਹਿੰਦੂ ਧਰਮ ਨਾਮ ਤੋਂ ਵੱਖਰੇ ਧਰਮ ਵਾਲੇ ਸਿਖਾਂ ਨੂੰ ਹਿੰਦੂ ਮੰਨਣਾ ਮਹਾਂ ਮੂਰਖਤਾ ਹੈ।''

੧੩ ਅਗਸਤ ੧੯੮੩ ਦੇ ਅਖਬਾਰਾਂ ਵਿਚ ਗਿਆਨੀ ਪ੍ਰਤਾਪ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਕ ਬਿਆਨ ਪੜ੍ਹ ਕੇ ਬੜੀ ਹੈਰਾਨੀ ਹੁੰਦੀ ਹੈ। ਇਸ ਨੂੰ ਪੜ੍ਹ ਕੇ ਉਨ੍ਹਾਂ ਦੀ ਨੀਯਤ ਤੇ ਸ਼ਕ ਹੋਣ ਲੱਗ ਪੈਂਦਾ ਹੈ, ਕਿਉਂਕਿ ਗਿਆਨੀ ਜੀ ਸਿਖ ਧਰਮ ਦੇ ਉਘੇ ਪ੍ਰਚਾਰਕ ਰਹੇ ਹਨ ਅਤੇ ਸਿਖ ਧਰਮ, ਸਿਖ ਇਤਿਹਾਸ ਅਤੇ ਫਿਲਾਸਫੀ ਦੀਆਂ ਕਈ ਪੁਸਤਕਾਂ ਦੇ ਲੇਖਕ ਹੋਣ ਦੇ ਨਾਤੇ ਉਪ੍ਰੋਕਤ ਕਥਤ ਇਤਿਹਾਸ, ਗੁਰਬਾਣੀ ਅਤੇ ਰਹਿਤਨਾਮਿਆਂ ਦੇ ਸਾਰੇ ਪ੍ਰਮਾਣਾਂ ਤੋਂ ਭਲੀ ਪ੍ਰਕਾਰ ਜਾਣੂ ਹਨ। ਇੰਨਾ ਕੁਝ ਹੁੰਦਿਆਂ ਵੀ ਜੇ ਉਹ ਇਹ ਬਿਆਨ ਦੇਣ ਕਿ—

''ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਗੁਰਬਾਣੀ ਤੇ ਸਿਖ ਇਤਿਹਾਸ ਦੇ ਕਿਸੇ ਰੀਕਾਰਡ ਤੋਂ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਕਿ ਸਿੱਖ ਵੱਖਰੀ ਕੌਮ ਹਨ।''

ਤਾਂ ਉਹਨਾਂ ਪ੍ਰਥਾਇ ਭਗਤ ਕਬੀਰ ਜੀ ਦਾ ਇਹ ਸਲੋਕ ਸਾਹਮਣੇ ਆ ਜਾਂਦਾ ਹੈ—

ਕਬੀਰ ਮਨੁ ਜਾਨਤ ਸਭ ਬਾਤ, ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ, ਹਾਥਿ ਦੀਪੁ ਕੂਏ ਪਰੈ ॥੨੧੬॥ (੧੩੭੬)

ਗਿਆਨੀ ਪ੍ਰਤਾਪ ਸਿੰਘ ਜੀ ਆਦਿ ਮੰਨੇ-ਪ੍ਰਮੰਨੇ ਸੱਜਣਾਂ ਦੇ ਅਜਿਹੇ ਕੋੜੇ ਬਿਆਨ ਭੁਲੇਖੇ ਪਾਉਣ ਦਾ ਕਾਰਨ ਬਣਦੇ ਹਨ ਅਤੇ ਜਨ-ਸਾਧਾਰਨ ਨੂੰ ਗੁਮਰਾਹ ਕਰਦੇ ਹਨ। ਸਾਡੀ ਅਰਦਾਸ ਹੈ, ਵਾਹਿਗੁਰੂ ਉਹਨਾਂ ਨੂੰ ਸੁਮੱਤਿ ਬਖਸ਼ੇ।

---

## ਸਕਾਲਰਸ਼ਿਪ ਸਕੀਮ ਅਧੀਨ ਪੱਕੇ ਵਜ਼ੀਫ਼ੇ

ਦੇਸ ਪ੍ਰਦੇਸ ਵਿਚੋਂ (ਇੰਗਲੈਂਡ ਵਿਚੋਂ ਖਾਸ ਕਰਕੇ ਭਾਈ ਜੀਵਨ ਸਿੰਘ ਜੀ ਗੁਰੂ ਕੇ ਕੀਰਤਨੀਏ ਰਾਹੀਂ) ਪੁਜੀ ਮਾਇਆ ਅਤੇ ਗੁਰਸਿਖਾਂ ਦੇ ਸਹਿਯੋਗ ਦੇ ਸਿਰ ਸਦਕੇ, ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸਿਪ ਸਕੀਮ ਅਧੀਨ ਹੇਠ ਲਿਖੇ ਅਨੁਸਾਰ, ਅੰਮ੍ਰਿਤਧਾਰੀ ਬੱਚੇ ਬੱਚੀਆਂ ਨੂੰ ਹਰ ਸਾਲ ਵਜ਼ੀਫੇ ਦੇਣ ਲਈ ਪੱਕੇ ਤੌਰ ਤੇ ਰਕਮ ਬੈਂਕ ਵਿਚ ਜਮ੍ਹਾ ਹੋ ਗਈ ਹੈ, ਜਿਸ ਦੇ ਸਾਲਾਨਾ ਸੂਦ ਤੋਂ ਇਹ ਵਜ਼ੀਫੇ ਦਿਤੇ ਜਾ ਸਕਿਆ ਕਰਨਗੇ—

80 /—ਰੁਪਏ ਮਹੀਨਾ ਦੇ 4 ਵਜ਼ੀਫੇ
50 /—ਰੁਪਏ ਮਹੀਨਾ ਦੇ 3 ਵਜ਼ੀਫੇ

ਇਨ੍ਹਾਂ ਤੋਂ ਇਲਾਵਾ ਹੋਰ ਜਿਤਨੇ ਵਜ਼ੀਫੇ ਵੀ ਦਿਤੇ ਜਾਣਗੇ, ਉਨ੍ਹਾਂ ਲਈ ਰਕਮ ਚਲਦੇ ਹਿਸਾਬ ਵਿਚ ਰਾਖਵੀਂ ਰੱਖ ਲਈ ਗਈ ਹੈ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ।



www.AKJ.Org

# ਭਾ: ਹੀਰਾ ਸਿੰਘ ਜੀ ਚਰੜ ਨਾਲ ਨਾਮ ਸੰਬੰਧੀ ਗੱਲ ਬਾਤ

## ਸੋਨਾ ਬਨਾਉਣ ਦੀ ਅਜੀਬ ਕਥਾ

(ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਹਜ਼ਾਰੀ ਬਾਗ ਜੇਲ੍ਹ ਵਿਚ ੧੨ ਨਵੇਂ ਰਾਜਸੀ ਕੈਦੀ ਲਿਆਂਦੇ ਗਏ ਤਾਂ ਇਨ੍ਹਾਂ ਆਉਂਦਿਆਂ ਨੂੰ ਹੀ ਸਿੰਘਾਂ ਨੇ ਗੁਪਤੋ ਗੁਪਤੀ ਜੇਲ੍ਹਰ ਤੇ ਸੁਪ੍ਰੰਟੈਂਡੰਟ ਦੇ ਹੱਥ-ਕੰਡਿਆਂ ਤੋਂ ਖ਼ਬਰਦਾਰ ਕਰ ਦਿਤਾ। ਜੇਲ੍ਹ ਵਾਲਿਆਂ ਨੂੰ ਇਸ ਗੱਲ ਦੀ ਕੰਨਸੋਅ ਲਗ ਗਈ। ਦਿਨ ਚੜ੍ਹਦੇ ਨੂੰ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਭਾਈ ਹੀਰਾ ਸਿੰਘ ਚਰੜ ਦੋਹਾਂ ਨੂੰ ਉਸ ਬਲਾਕ ਵਿਚੋਂ ਕੱਢ ਕੇ ਬੰਗਾਲੀਆਂ ਨਮਿਤ ਰਖੇ ਇਕ ਖ਼ਾਲੀ ਸਪੈਸ਼ਲ ਸੈੱਲ ਬਲਾਕ ਵਿਚ ਲੈ ਗਏ। ਉਸ ਬਲਾਕ ਵਿਚ ਭਾਈ ਹੀਰਾ ਸਿੰਘ ਜੀ ਦੀ ਅਤੇ ਭਾਈ ਸਾਹਿਬ ਜੀ ਦੀ ਜੋ ਵਾਰਤਾਲਾਪ ਹੋਈ, ਉਹ ਹੇਠਾਂ ਦਿਤੀ ਜਾਂਦੀ ਹੈ। —ਸੰਪਾਦਕ

ਅਸੀਂ ਉਥੇ ਜਾ ਕੇ ਹੋਰ ਭੀ ਅਨੰਦ ਹੋਏ। ਕਈ ਬਿਘਿਆਂ ਦਾ ਖੁਲ੍ਹਾ ਹਾਤਾ। ਚਾਰਦੀਵਾਰੀ ਵੇਹੜੇ ਵਾਗਲੋ ਤੋਂ ਰਹਿਤ ਖੁਲ੍ਹੇ ਬਰਾਂਡੇ ਵਾਲੀਆਂ ਤੀਹ ਚਾਲੀ ਕੋਠੀਆਂ। ਪ੍ਰਸ਼ਾਦਾ ਸਜਾਉਣ ਲਈ ਬਾਹਰਵਾਰ ਲੰਗਰ ਅਸਥਾਨ ਬਰਾਮਦੇ ਵਿਚ ਹੀ। ਹੋਰ ਸਭ ਕੋਠੀਆਂ ਖਾਲੀ। ਏਵਡ ਗੁੰਜਾਨ ਗੁਫਾ ਉਦਿਆਨੀ ਹਾਤੇ ਵਿਚ ਅਸੀਂ ਦੋਨੋਂ ਹੀ ਗੂੰਜੀਏ ਗੱਜੀਏ। ਕੀਰਤਨ ਕਥਾ ਵਾਰਤਾਲਾਪ ਦੇ ਪ੍ਰਸਪਰ ਲਾਹੇ ਲਈਏ ਲਵਾਈਏ। ਭਾਈ ਹੀਰਾ ਸਿੰਘ ਜੀ ਬੜੇ ਪੁਰਾਤਨ ਪਰਉਪਕਾਰੀ ਸਜਨ ਸਨ। ਏਨ੍ਹਾਂ ਨੇ ਦੇਸ਼ ਭਗਤੀ ਨਮਿਤ ਪਰਉਪਕਾਰ ਕਰੇਂਦਿਆਂ ਬੜੀਆਂ ਬੜੀਆਂ ਬਿਕ੍ਰਾਲ ਮੁਸੀਬਤਾਂ ਝੱਲੀਆਂ ਸਨ। ਐਥੇ ਤਾਈਂ ਕਿ ਏਨ੍ਹਾਂ ਦਾ ਸਰੀਰ ਅਤਿਅੰਤ ਹੀ ਖੀਨ ਖੁਰੀਨ ਅਤੇ ਜ਼ਰੀਨ ਜਜ਼ਰੀਨ ਹੋ ਚੁਕਾ ਸੀ। ਕਈ ਲੱਖਾਂ ਦੀ ਜਾਇਦਾਦ ਏਹਨਾਂ ਦੀ ਖਸਤਾ ਖਰਾਬ ਹੋ ਚੁਕੀ ਸੀ। ਫੇਰ ਭੀ ਅੱਜ ਲੱਖਾਂ ਦੇ ਮਾਲਕ ਸਨ, ਪਰ ਇਨ੍ਹਾਂ ਦੀ ਸਿਹਤ ਬਿਲਕੁਲ ਰਹਿ ਚੁਕੀ ਹੋਈ ਸੀ। ਜਗ ਜੀਵਨ ਦੀ ਆਸ ਉਕੀ ਹੀ ਮਿਟ ਗਈ ਹੋਈ ਸੀ। ਏਨ੍ਹਾਂ ਦੀ ਬਹੁਤ ਚਿਰਾਂ ਦੀ ਤੀਬਰ ਲੋਚਾ ਸੀ ਕਿ ਕੋਈ ਇਕਾਂਤ ਸਮਾਂ ਮਿਲੇ ਤਾਂ ਜਿਗਰ ਦੀਆਂ 'ਘੁੰਡੀਆਂ' ਮੇਰੇ ਕੋਲ ਖੋਲ੍ਹਣ। ਸੋ ਇਹ ਅਵਸਰ ਉਨ੍ਹਾਂ ਦੀ ਸੁਹਿਰਦ ਸਰਧਾ ਭਾਵਨੀ ਕਰ ਕੇ ਹੀ ਆਣ ਪ੍ਰਾਪਤ ਹੋਇਆ। ਕੋਲੋ ਕੋਲੀ ਹੀ ਅਸਾਡੀਆਂ ਕੋਠੀਆਂ ਸਨ। ਇਕ ਰਾਤ ਅਵੱਸਰਪਾ ਕੇ ਜਦ ਏਨ੍ਹਾਂ ਮੈਨੂੰ ਸ਼ਬਦ (ਨਾਮ-ਅਭਿਆਸ) ਧੁੰਨੀ ਵਿਚ ਮਸਤ ਬੈਠੇ ਪ੍ਰਤੀਤ ਕੀਤਾ ਤਾਂ ਇਨ੍ਹਾਂ ਆਪਣੇ ਪ੍ਰਮਾਰਥ ਪੰਥ ਵੈਰਾਗ ਦੀ ਕਥਾ ਛੇੜੀ ਅਤੇ ਵੈਰਾਗ ਪੂਰਤ ਨੀਰ ਉਤਕੰਠ ਹੋ ਕੇ ਝੀਣੇ ਵੈਣ ਕਹਿਣ ਲਗੇ ਕਿ ਮੈਨੂੰ ਚਿਰਕਾਲ (ਵਰ੍ਹਿਆਂ ਬੱਧੀ) ਬਤੀਤ ਹੋ ਗਏ ਭਜਨ-ਅਭਿਆਸ ਕਰਦਿਆਂ, ਪਰ ਮੈਂ ਕੋਰੇ ਦਾ ਕੋਰਾ ਹੀ ਰਿਹਾ ਹਾਂ। ਹੁਣ ਜੀਵਨੇ ਦਾ ਸਾਹਸ ਭੀ ਬਾਕੀ ਨਹੀਂ।

### ਸੋਹੰ ਦਾ ਜਾਪ ਤੇ ਗੁਰਮਤਿ ਨਾਮ ਦਾ ਜਾਪ—

ਦਾਸ ਨੇ ਉਨ੍ਹਾਂ ਪ੍ਰਤੀ ਪ੍ਰੇਮ ਦ੍ਰਵੀ ਹੋ ਕੇ ਆਖਿਆ ਕਿ ਵੀਰ ਜੀ, ਤੁਸੀਂ ਕਸੂਤੇ ਵਹਿਣ ਪਏ ਜਾਪਦੇ ਹੋ। ਜਿਸ ਨੂੰ ਤੁਸੀਂ ਭਜਨ-ਅਭਿਆਸ ਆਖਦੇ ਹੋ ਉਹ ਤਾਂ ਭਜਨ ਹੀ ਨਹੀਂ ਅਤੇ ਗੁਰਮਤਿ ਨਾਮ ਅਭਿਆਸ ਭਗਤੀ ਤੋਂ ਕੋਸੋਂ ਦੂਰ, ਬਲਕਿ ਐਨ ਉਲਟ ਹੈ। ਤੁਸੀਂ 'ਸੋਹੰ' ਦਾ ਅਭਿਆਸ ਕਰਦੇ ਹੋ, ਸੋ ਇਸ ਨਾਲ ਤਾਂ ਹੰਗਤਾ ਹੀ ਵਧਣੀ ਸੀ। ਵੀਰ ਹੀਰਾ ਸਿੰਘ ਜੀ ਇਹ ਸੁਣ ਕੇ ਠਠੰਬਰ ਗਏ ਅਤੇ ਹੈਰਤ ਵਿਚ ਆ ਕੇ ਆਖਣ



www.AKJ.Org

ਲਗੇ ਕਿ ਭਾਈ ਸਾਹਿਬ ਜੀ, ਤੁਹਾਨੂੰ ਕਿਵੇਂ ਪਤਾ ਲਗਿਆ ਕਿ ਮੈਂ 'ਸੋਹੰ' ਦਾ ਅਭਿਆਸ ਕਰਦਾ ਹਾਂ, ਮੈਂ ਤਾਂ ਅੱਜ ਤਾਈਂ ਕਿਸੇ ਨੂੰ ਜਤਾਇਆ ਹੀ ਨਹੀਂ ਅਤੇ ਪਤਾ ਹੀ ਨਹੀਂ ਲਗਣ ਦਿਤਾ ਕਿ ਕਦੋਂ ਦਾ ਮੈਂ 'ਸੋਹੰ' ਦਾ ਅਭਿਆਸੀ ਹਾਂ। ਤੁਸੀਂ ਕਿਸ ਬਿਧ ਜਾਣਿਆ ? ਤਾਂ ਮੈਂ ਆਖਿਆ, ਇਹ ਗੁਰਮਤਿ ਨਾਮ ਅਭਿਆਸ ਕਲਾ ਦੀ ਬਰਕਤ ਹੈ। ਜਿਸ ਪ੍ਰਤਾਪ ਕਰ ਸੁਖੈਨ ਹੀ ਆਪ ਦੀ ਅੰਤਰ ਬਿਰਤੀ ਬੁਝੀ ਗਈ। ਗੁਰਮਤਿ ਨਾਮ ਅਭਿਆਸੀਆਂ ਨੂੰ ਆਪਣੇ ਨਿਕਟਵਰਤੀ ਜਗਿਆਸੂਆਂ ਦੀ ਅੰਤਰਗਤੀ ਦੇ ਬਿਰਤੰਤ ਸਹਿਜ ਸੁਭਾਵ ਹੀ ਪ੍ਰਗਟ ਪਾਹਾਰੇ ਜਾਪਣ ਲਗ ਪੈਂਦੇ ਹਨ, ਆਪ ਦੀ ਹਾਲਤ ਬੜੀ ਹੀ ਤਰਸ ਯੋਗ ਹੈ ਕਿ ਇਤਨਾ ਅਮੋਲਕ ਸਮਾਂ ਬਿਰਥੀ ਘਾਲਣਾ ਵਿਚ ਹੀ ਗੰਵਾਇਆ।

ਫੇਰ ਵੀਰ ਹੀਰਾ ਸਿੰਘ ਜੀ ਘਿਗਿਆ ਉਠੇ ਕਿ ਕਿਵੇਂ ਗੁਰਮਤਿ ਨਾਮ ਦੀ ਪ੍ਰਾਪਤੀ ਹੋਵੇ। ਦਾਸ ਨੇ ਉਨ੍ਹਾਂ ਪ੍ਰਤੀ ਕੋਰੇ ਕਰਾਰੇ ਹੋ ਕੇ ਆਖ ਦਿਤਾ ਕਿ ਕੇਵਲ ਪੰਜਾਂ ਪਿਆਰਿਆਂ ਨੂੰ ਹੀ ਗੁਰਮਤਿ ਨਾਮ ਦ੍ਰਿੜ੍ਹਾਵਣ ਦਾ ਅਧਿਕਾਰ ਹੈ ਅਤੇ ਇਸ ਬਿਧ ਦ੍ਰਿੜ੍ਹਾਇਆ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ। ਬਿਰਧ ਹੀਰਾ ਸਿੰਘ ਜੀ ਫੇਰ ਡਡਿਆ ਉਠੇ ਕਿ ਮੇਰੀ ਜ਼ਿੰਦਗੀ ਤਾਂ ਜੇਲ੍ਹ ਅੰਦਰ ਹੀ ਖ਼ਤਮ ਹੋ ਜਾਣੀ ਹੈ। ਪੰਜਾਂ ਪਿਆਰਿਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਾਲਾ ਸਮਾਗਮ ਤਾਂ ਬਾਹਰ ਗਿਆਂ ਹੀ ਪ੍ਰਾਪਤ ਹੋ ਸਕਦਾ ਹੈ। ਮੇਰੀ ਬਾਹੁੜੀ ਕਿਵੇਂ ਹੋਵੇ। ਗੁਰੂ ਕੇ ਸਿਖਾਂ ਨੂੰ ਬੜੀਆਂ ਬੜੀਆਂ ਤੌਫ਼ੀਕਾਂ ਹਨ। ਖਾਸ ਮੁਸਤਸਨਾ ਹਾਲਤਾਂ ਭੀ ਹੁੰਦੀਆਂ ਹਨ। ਕੀ ਮੈਂ ਖਾਲੀ ਹੀ ਜਾਵਾਂ ? ਇਸ ਪ੍ਰਕਾਰ ਉਹ ਅਤਿਅੰਤ ਹੀ ਵਿਆਕੁਲ ਹੋ ਹੋ ਹਾਵੇ ਭਰਨ।

## *ਭਾਈ ਹੀਰਾ ਸਿੰਘ ਲਈ ਨਾਮ ਦੀ ਪ੍ਰਾਪਤੀ ਵਾਸਤੇ ਅਰਦਾਸ–*

ਦਾਸ ਨੂੰ ਅੰਦਰੋਂ ਉਕਸਾਹਟ ਹੋਈ ਕਿ ਗੁਰੂ ਅਗੇ ਇਸ ਨਮਿਤ ਗੁਪਤ ਅਰਦਾਸ ਅਰਪਨ ਹੋਵੇ। ਇਸ ਸਮੇਂ ਨੂੰ ਤਾਬੜ ਤੋੜ ਸੰਭਾਲਿਆ ਗਿਆ। ਤੁਰੰਤ ਵੀਰ ਹੀਰਾ ਸਿੰਘ ਜੀ ਨੂੰ ਆਪਣੀ ਕੋਠੀ ਵਿਖੇ ਅੰਤਰ-ਧਿਆਨ ਹੋ ਕੇ ਬੇਨਤੀ ਪ੍ਰਾਇਣ ਹੋਣ ਲਈ ਬਿਨੈ ਕੀਤੀ ਗਈ। ਏਧਰ ਆਪਣੀ ਕੋਠੜੀ ਵਿਚ ਦਾਸ ਭੀ ਉਨ੍ਹਾਂ ਦੀ ਨਮਿਤ ਗੁਪਤ ਅਰਦਾਸ ਵਿਚ ਜੁਟ ਗਿਆ। ਸਾਨੂੰ ਪਤਾ ਨਹੀਂ ਅਰਦਾਸ ਕਦੋਂ ਸਮਾਪਤ ਹੋਈ ਅਤੇ ਕਿਸ ਬਿਧ ਹੋਈ ਅਤੇ ਕਦੋਂ ਅਰ ਕਿਸ ਬਿਧ ਸੁਖਾਸਣੀ ਹੋਏ, ਖਬਰੇ ਹੋਏ ਕਿ ਨਾ ਹੋਏ, ਓਦੋਂ ਹੀ ਪਤਾ ਲਗਾ ਕਿ ਦੋ ਬਜੇ ਸਾਧੂ ਰਾਧਾ ਸਿੰਘ ਪਹਿਰਾ ਦੇਣ ਲਈ ਆਪ ਮੇਰੀ ਕੋਠੀ ਅਗੇ ਆਣ ਖਲੋਤੇ ਅਤੇ ਅਭਿਆਸ ਕਰਦੇ ਕਰਦੇ ਆਣ ਖਲੋਤੇ। ਕੀ ਦੇਖਦਾ ਹਾਂ ਕਿ ਉਹ ਸੁਆਸਾਂ ਨਾਲ ਅਭਿਆਸ ਕਰਦੇ ਹਨ। ਮੈਂ ਹੈਰਾਨ ਹੋ ਕੇ ਉਨ੍ਹਾਂ ਤੋਂ ਪੁਛਿਆ ਕਿ ਤੁਸੀਂ ਇਹ ਅਭਿਆਸ ਕਿਥੋਂ ਸਿਖਿਆ ? ਉਨ੍ਹਾਂ ਆਖਿਆ, ਲਾਗਦੀ ਕੋਠੀ ਵਿਚ ਸਾਧੂ ਹੀਰਾ ਸਿੰਘ ਜੀ ਪਏ ਇਸ ਬਿਧ ਹੀ ਸੁਆਸਾਂ ਨਾਲ ਅਭਿਆਸ ਕਰ ਰਹੇ ਹਨ ਅਤੇ ਚੁਫਾਲ ਪਏ ਹਨ। ਉਨ੍ਹਾਂ ਨੂੰ ਸੁਰਤ ਸੰਭਾਲ ਕੁਛ ਨਹੀਂ, ਮੈਂ ਤਾਂ ਉਨ੍ਹਾਂ ਦੀ ਨਕਲ ਹੀ ਕਰਦਾ ਹਾਂ, ਅਸਲੋਂ ਪਤਾ ਅਭਿਆਸ ਦਾ ਮੈਨੂੰ ਭੀ ਨਹੀਂ। ਦਾਸ ਨੇ ਸਤਿਨਾਮ ਆਖ ਕੇ ਇਸ਼ਨਾਨ ਦੇ ਤਿਆਰੇ ਕੀਤੇ। ਅਤੇ ਰਾਧਾ ਸਿੰਘ ਜੀ ਨੂੰ ਆਖਿਆ ਕਿ ਜਾਓ ਹੀਰਾ ਸਿੰਘ ਜੀ ਨੂੰ ਜਾ ਕੇ ਸਾਵਧਾਨ ਕਰ ਦਿਓ, ਤਾਕਿ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਦਾ ਪਾਠ ਸੁਣਾਉਣ। ਉਸ ਨੇ ਐਸਾ ਹੀ ਕੀਤਾ।

## ਭਾਈ ਹੀਰਾ ਸਿੰਘ ਜੀ ਨੇ ਪ੍ਰੇਮ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨਾ–

ਲਗੀ ਸ੍ਰੀ ਸੁਖਮਨੀ ਸਾਹਿਬ ਦੀ ਧੁਨੀ ਗੂੰਜਣ। ਵੀਰ ਹੀਰਾ ਸਿੰਘ ਜੀ ਨੇ ਬੜੇ ਹੀ ਰੰਗਣ ਵਿਚ ਪਾਠ ਕੀਤਾ। ਚਾਹੇ ਪਾਠ ਉਨ੍ਹਾਂ ਦਾ ਅਸ਼ੁਧ ਸੀ, ਪਰੰਤੂ ਪ੍ਰੇਮ-ਕਣੀ ਪਰੋਤਾ ਪਾਠ ਸਰੋਤਿਆਂ ਦੇ ਚਿਤ ਚੀਰੀ ਜਾਵੇ। ਸਾਧੂ ਰਾਧਾ ਸਿਘ ਦੀ ਬੂਹੇ ਮੂਹਰੇ ਬੈਠੇ ਦੀ ਹੀ ਸਮਾਧੀ ਲਗ ਗਈ। ਪਹਿਰੇ ਵਾਲਾ ਪਹਿਰ ਸੋਹਣਾ ਸਫਲਾ ਹੋਇਆ। ਦਿਵਸ ਚੜ੍ਹੇ ਤਾਈਂ ਆਤਮ-ਰੰਗ ਬਝੇ ਰਹੇ। ਫੇਰ ਆ ਗਏ ਕੋਠੀਆਂ ਖੜਕਾਉਣ ਖੋਲ੍ਹਣ ਵਾਲੇ।



www.AKJ.Org

ਕੋਠੀਆਂ ਖੋਲ੍ਹਣ ਦੀ ਦੇਰ ਸੀ ਕਿ ਵੀਰ ਹੀਰਾ ਸਿੰਘ ਜੀ ਧੜੰਮ ਕਰਕੇ ਮੇਰੇ ਖੁਰੜਿਆਂ ਉਤੇ ਡਿਗ ਪਏ। ਦਾਸ ਨੇ ਡਿਗਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਸੀਸ ਆਪਣੇ ਹੱਥਾਂ ਉਪਰ ਬੋਚ ਲਿਆ। ਦੇਖਾਂ ਤਾਂ ਤਿਉਲੀ ਤਿਉਲੀ ਹੋਏ ਵੇ ਹਨ ਅਤੇ ਮੁਖੋਂ ਧੰਨ ਧੰਨ ਅਤੇ ਵਾਹ ਵਾਹ ਦੀ ਧੁਨੀ ਆ-ਮੁਹਾਰੀ ਗੂੰਜ ਰਹੀ ਹੈ।'ਧੰਨ ਗੁਰੂ,ਧੰਨ ਗੁਰਸਿਖੀ ਅਤੇ ਧੰਨ ਗੁਰਸਿਖਾਂ ਦੀਆਂ ਅਰਦਾਸਾਂ' ਏਵੇਂ ਜਿਵੇਂ ਆਖੀ ਜਾਣ ਅਤੇ ਆਖਣੋਂ ਹਟਣ ਨਾ। ਦਾਸ ਨੇ ਸਮਝ ਲਿਆ ਕਿ ਗੁਰੂ ਦੀ ਅਪਾਰ ਮੇਹਰ ਇਨ੍ਹਾਂ ਉਤੇ ਹੋ ਗਈ ਹੈ ਅਤੇ ਇਨ੍ਹਾਂ ਦਾ ਘਰ ਪੂਰਾ ਹੋ ਗਿਆ ਹੈ। ਇਸ ਦਾਤ ਨੂੰ ਸੰਭਾਲ ਕੇ ਰਖਣ ਤਾਂ ਅਹੋ ਭਾਗ। ਅਜੇ ਕਈ ਹਵਾਵਾਂ ਵਗਣੀਆਂ ਹਨ। ਦੂਜੀ ਰਾਤੇ ਭਾਈ ਹੀਰਾ ਸਿੰਘ ਜੀ ਨੇ ਅਤਿਅੰਤ ਕ੍ਰਿਤੱਗਤਾ ਰਸ ਵਿਚ ਪੂਰਤ ਹੋ ਕੇ ਇਸ ਬਿਧ ਮੇਰੇ ਪ੍ਰਤੀ ਉਚਾਰਨ ਕੀਤਾ :–

ਵੀਰ ਰਣਧੀਰ ਸਿੰਘ ਜੀ ! ਆਪ ਦੀ ਤੁਫੈਲ ਮੇਰੀ ਆਤਮ ਭੁਖ ਲੱਥੀ ਹੈ ਅਤੇ ਮੇਰੇ ਪਰਮਾਰਥੀ ਘਾਟੇ ਪੂਰੇ ਹੋਏ ਹਨ। ਅਤੇ ਗੁਰਮਤਿ ਨਾਮ ਦੀ ਸੂਝ ਬੂਝ ਆਈ ਹੈ। ਸੂਝ ਬੂਝ ਹੀ ਨਹੀਂ, ਨਾਮ ਦੀ ਝਰਨਾਟ ਇਕ ਅਗੰਮੀ ਮੇਰੇ ਰੋਮ ਰੋਮ ਅੰਦਰ ਆ-ਮੁਹਾਰੀ ਹੀ ਫਿਰ ਗਈ। ਮੈਂ ਇਸ ਦੇ ਵਟਾਂਦਰੇ ਆਪ ਨੂੰ ਕੁਛ ਨਹੀਂ ਦੇ ਸਕਦਾ, ਨਾ ਮੇਰੇ ਕੋਲ ਕੋਈ ਅਜਿਹਾ ਪਦਾਰਥ ਹੈ ਜਿਸ ਦਾ ਵਟਾਂਦਰਾ ਇਸ ਪਰਮਾਰਥੀ ਪਦਾਰਥ ਦੇ ਕਿੰਚਤ ਮਾਤਰ ਤੁਲ ਭੀ ਹੋ ਸਕੇ। ਪਰ ਫੇਰ ਭੀ ਤੁਛ ਮਾਤਰ ਭੇਟਾ ਮੈਂ ਆਪ ਦੇ ਅੱਗੇ ਸਮਰਪਣ ਕਰਦਾ ਹਾਂ। ਜੇ ਕਬੂਲ ਹੋਵੇ ਤਾਂ ਮੇਰੇ ਅਹੋ ਭਾਗ। ਦਾਸ ਨੇ ਬੇਨਤੀ ਕੀਤੀ ਕਿ ਦਾਸ ਕੌਣ ਕੀਟ ਹੈ ਕਿ ਕਿਸੇ ਦਾ ਕੁਛ ਸਵਾਰ ਸਕੇ। ਯਾ ਕਿਸੇ ਨੂੰ ਆਤਮ ਰੰਗਾਂ ਵਿਚ ਉਭਾਰ ਸਕੇ। ਇਹ ਤਾਂ ਆਪ ਦੇ ਪੂਰਬਲੇ ਕਰਮਾਂ ਦਾ ਅੰਕੂਰ ਹੈ ਜੋ ਏਥੇ ਆ ਕੇ ਅਤੇ ਇਸੇ ਕਰਤੇ ਦੀ ਬਣਤ ਬਣਾਇ ਰਖੀ ਬਿਉਂਤ ਅਨੁਸਾਰ ਹੀ ਉਦੇ ਹੋਣਾ ਸੀ। ਇਸ ਵਿਚ ਮੇਰਾ ਅਹਿਸਾਨ ਆਪ ਉਤੇ ਕੀ ਹੋ ਸਕਦਾ ਹੈ। ਅਰਦਾਸ ਬੇਨਤੀ ਕਰਨਾ ਗੁਰਸਿਖਾਂ ਦਾ ਪਰਮ ਧਰਮ ਹੈ। ਦਾਸ ਨੇ ਬਥੇਰੀਆਂ ਬੇਨਤੀਆਂ ਕੀਤੀਆਂ, ਪਰ ਉਹ ਖਹਿੜੇ ਪਏ ਹੀ ਰਹੇ। ਓੜਕ ਉਨ੍ਹਾਂ ਮੈਨੂੰ ਆਪਣੀ ਗੱਲ ਸੁਨਣ ਨੂੰ ਮਜਬੂਰ ਕਰ ਹੀ ਲਿਆ। ਗੱਲ ਮੰਨਣ ਦੀ ਮਨਜ਼ੂਰੀ ਪ੍ਰਾਪਤ ਹੋਣ ਪਸਚਾਤ ਉਨ੍ਹਾਂ ਇਸ ਬਿਧ ਤੋਰਾ ਤੋਰਿਆ :–

## ਸੋਨਾ ਬਨਾਉਣ ਦਾ ਨੁਸਖ਼ਾ–

ਭਾਈ ਸਾਹਿਬ ਜੀ ! ਅੱਜ ਮੈਂ ਆਪ ਨੂੰ ਉਹ ਗੁਹਜ ਗੱਲ ਦਸਦਾ ਹਾਂ ਅਤੇ ਉਹ ਗੁਹਜ ਪਦਾਰਥ ਦਿੰਦਾ ਹਾਂ ਜੋ ਅੱਜ ਤਾਈਂ ਦਾਸ ਨੇ ਕਿਸੇ ਨੂੰ ਨ ਦਸਿਆ ਤੇ ਨ ਦਿਤਾ ਹੈ। ਮੈਂ ਇਸ ਨੂੰ ਆਪਣੇ ਸੀਨੇ ਵਿਚ ਨਹੀਂ ਲੈ ਜਾਣਾ ਚਾਹੁੰਦਾ। ਮੈਂ ਲੋਚਦਾ ਸਾਂ ਕਿ ਕੋਈ ਅਧਿਕਾਰੀ ਅਤੇ ਪਰ-ਉਪਕਾਰੀ ਜਨ ਮਿਲੇ, ਜੋ ਇਸ ਪਦਾਰਥ ਨੂੰ ਪਾਇ ਕੇ ਪਰ-ਉਪਕਾਰ ਉਤੇ ਲਾਵੇ ਅਤੇ ਲਲਚਾਵੇ ਨਾ। ਸੋ ਅੱਜ ਮੈਂ ਪੂਰਨ ਪਰੀਖਸ਼ਾ ਪਸਚਾਤ ਆਪ ਨੂੰ ਹੀ ਪੂਰਨ ਅਧਿਕਾਰੀ ਪੁਰਸ਼ ਮਨ ਬਚ ਕਰਮ ਕਰਕੇ ਜਾਤਾ ਹੈ। ਮੇਰੇ ਪਾਸ ਇਕ ਰਸਾਇਣ ਹੈ, ਜੋ ਮੈਨੂੰ ਚੀਨ ਦੇ ਇਕ ਕੀਮੀਆਗਰ ਰਸਾਇਣੀ ਤੋਂ ਪ੍ਰਾਪਤ ਹੋਇਆ ਸੀ। ਇਸ ਰਸਾਇਣ ਦਵਾਰਾ ਹੀ ਮੈਂ ਲਾਖਾਂਪਤੀ ਹੋਇਆ ਹਾਂ। ਅਰਥਾਤ ਮੈਨੂੰ ਖਾਲਸ ਸੋਨਾ ਬਨਾਉਣ ਦੀ ਰਸਾਇਣ (ਕੀਮੀਆ) ਆਉਂਦੀ ਹੈ। ਦੋ ਚਾਰ ਮੁਜੱਰਬ ਨੁਸਖ਼ੇ ਮੈਂ ਆਪ ਦੀ ਭੇਟਾ ਕਰਦਾ ਹਾਂ, ਜੋ ਪੱਥਰ ਉਤੇ ਲਕੀਰ ਹਨ, ਜਿਨ੍ਹਾਂ ਦਵਾਰਾ ਬਣਿਆ ਹੋਇਆ ਸੋਨਾ ਕੁਠਾਲੀ ਵਿਚ ਢਾਲਿਆਂ ਭੀ ਕੁੰਦਨ ਦਾ ਕੁੰਦਨ ਹੀ ਰਹੇਗਾ। ਉਨ੍ਹਾਂ ਇਕ ਦੋ ਦਿਨਾਂ ਦੇ ਅੰਦਰ ਅੰਦਰ ਹੀ ਇਕ ਤੋਲਾ ਤਾਂਬਾ ਮੰਗਾ ਕੇ ਅਤੇ ਮੈਨੂੰ ਦਸੀ ਰਸਾਇਣ ਦਵਾਰਾ ਕੀਮੀਆ ਕਰਕੇ ਪ੍ਰਤੱਖ ਸੋਨਾ ਬਣਾ ਕੇ ਭੀ ਦਿਖਾ ਦਿਤਾ। ਅਤੇ ਇਕ ਗੁਪਤ ਮੁਅਤਬਰ ਸਜਣ ਦਵਾਰਾ ਬਾਹਰ ਕੁਠਾਲੀਏ ਦੀ ਕਸੌਟੀ ਚਾੜ੍ਹ ਕੇ ਪਰਖਵਾ ਕੇ ਭੀ ਭੇਜ ਦ੍ਰਿਤਾ। ਉਹ ਬਾਰਾਂ ਵੰਨੀ ਕੰਚਨ (ਸੋਨਾ) ਹੀ ਰਿਹਾ। ਇਹ ਪ੍ਰਤੱਖ ਪ੍ਰਤੀਤ ਕਰਾਇ ਕੇ ਉਨ੍ਹਾਂ ਨੇ ਮੈਨੂੰ ਉਹ ਰਸਾਇਣੀ ਨੁਸਖ਼ੇ ਕੰਠ ਕਰਨ ਲਈ ਤਾਕੀਦ ਕੀਤੀ, ਕਿਉਂਕਿ ਜੇਲ੍ਹ ਅੰਦਰ ਸਦੀਵ ਕਾਲ ਅਜਿਹੇ ਗੁਹਜ ਲਿਖਤੀ ਕਾਗਜ਼ ਮਹਿਫੂਜ਼ ਨਹੀਂ ਰਹਿ ਸਕਦੇ। ਮੈਂ ਉਨ੍ਹਾਂ ਦੀ ਪ੍ਰੀਤੀ ਪਰੇਰਨਾ ਦਾ ਪਰੇਰਿਆ ਹੋਇਆ ਲਗਾ ਉਕਤ ਰਸਾਇਣੀ ਨੁਸਖਿਆਂ ਨੂੰ ਕੰਠ ਕਰਨ। ਕੰਠ ਕੀ ਕਰਨ ਲਗਾ ? ਬਿਖ ਬਿਹਾਜਣ ਲਗ ਪਿਆ।



www.AKJ.Org

**ਸੁਰਤੀ ਬਿਰਤੀ ਦਾ ਉਖੜਨਾ–**

ਜਿਉਂ ਜਿਉਂ ਕੰਠ ਕਰਾਂ ਤਿਉਂ ਤਿਉਂ ਵਿਹੁ ਚੜ੍ਹਦੀ ਜਾਵੇ। ਬਿਖ ਬਿਹਾਜਣ ਦੇ ਵਹਿਣਾਂ ਵਿਚ ਰੁੜ੍ਹ ਤੁਰਿਆ। ਸ਼ੇਖ ਚਿਲੀ ਵਾਂਙੂ ਲਗਾ ਕਰੋੜਾਂਪਤੀ ਬਨਣ ਦੀਆਂ ਬਿਉਂਤਾਂ ਬਣਾਉਣ। ਪਰਉਪਕਾਰੀ ਬਨਣ ਦੀਆਂ ਮਤਸਰਾਂ ਦੀ ਗੰਠੜੀ ਭੀ ਬੰਨ੍ਹਣੀ ਅਰੰਭ ਦਿਤੀ। ਜਿਥੇ ਮੇਰਾ ਮਨ ਖਿਨ ਖਿਨ ਤੇ ਸੁਆਸ ਸੁਆਸ ਨਾਮ ਦੇ ਪਾਰਸ ਚੰਦਨੀ ਜੋਤ ਰੰਗ ਵਿਚ ਖਿੜਿਆ ਅਤੇ ਰੰਗਿਆ ਰਹਿੰਦਾ ਸੀ ਅਤੇ ਰੋਮ ਰੋਮ ਜੋਤ ਵਿਗਾਸੀ ਤਰੰਗਾਂ ਵਿਚ ਸਫੁਟ ਹੋ ਹੋ 'ਇਕ ਦੂ ਜੀਭੌ ਲਖ ਹੋਹਿ' ਅਤੇ ਲਖਾਂ ਲਖਵੀਸ ਹੋ ਕੇ ਇਕੀਸ ਹੋਣ ਦੀਆਂ ਪਤ-ਪਵੜੀਆਂ ਉਤੇ ਚੜ੍ਹਿਆ ਰਹਿੰਦਾ ਸੀ, ਹੁਣ ਉਥੇ ਖਿਨ ਖਿਨ ਮਾਇਆ ਦੀ ਬਿਖ ਬਿਆਪ ਗਈ। ਮੇਰੀ ਸੁਰਤੀ ਬਿਰਤੀ ਉਖੜ ਗਈ। ਮੇਰਾ ਪਰੇਮ ਕਾਫੂਰ ਹੋ ਗਿਆ। ਨਾ ਬਾਣੀ ਨਾ ਨਾਮ ਅਭਿਆਸ, ਕੁਛ ਨ ਚਲੇ। ਮੈਂ ਫੋਕਾ ਜਿਹਾ ਹੋ ਗਿਆ। ਮੈਨੂੰ ਇਉਂ ਪ੍ਰਤੀਤ ਹੋਵੇ ਜਿਵੇਂ ਮੈਨੂੰ ਕੋਈ ਕੁਸ਼ਟ ਹੁੰਦਾ ਹੈ, ਸਚਮੁਚ :–

"ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥" (੬੬੧)

ਵਾਲੇ ਗੁਰਵਾਕ ਦੀ ਘਟਨਾ ਘਟ ਗਈ।

**ਰਸਾਇਣ ਦੇ ਨੁਸਖ਼ੇ ਨਾਲ ਖੜ੍ਹਦੀ ਕਲਾ ਹੋ ਜਾਣੀ–**

ਅੱਜ ਪਹਿਲਾ ਦਿਨ ਸੀ ਕਿ ਮੇਰੇ ਨਾਮ ਅਭਿਆਸ ਰੰਗਾਂ ਵਿਚ ਇਹ ਖਲਲ ਪਿਆ। ਅੱਜ ਪਹਿਲਾ ਦਿਨ ਸੀ ਕਿ ਮੇਰੀ ਆਤਮ ਬਿਰਤੀ ਇਸ ਬਿਧ ਉਚਾਟ ਹੋਈ। ਜਦੋਂ ਦੇ ਨਾਮ ਪਰਮਾਰਥੀ ਰੰਗ ਲਗੇ ਸਨ, ਅੱਜ ਪਹਿਲਾ ਦਿਨ ਸੀ ਕਿ ਇਨ੍ਹਾਂ ਰੰਗਾਂ ਵਿਚ ਅਜਿਹਾ ਭਾਰੂ ਭੰਗ ਪਿਆ। ਮੈਨੂੰ ਉਹ ਸਾਰੀ ਰੈਣ ਗਿੱਟੀਆਂ ਗਿਣਦਿਆਂ ਨੂੰ ਹੀ ਬਤੀਤ ਹੋਈ। ਦਿਨ ਚੜ੍ਹਿਆ ਤਾਂ ਮੈਂ ਰਸਾਇਣ ਨੁਸਖੇ ਦਾ ਸੜਿਆ ਹੋਇਆ ਕੰਚਨੋਂ ਮਨੂਰ ਹੋ ਕੇ ਬਾਹਰ ਨਿਕਲਿਆ। ਅਤੇ ਜੇਲ੍ਹ-ਮੇਟ ਨੇ ਦਾਲ ਭਾਜਾ ਧਰਨ ਨਮਿਤ ਅੰਗੀਠੀ ਧੁਖਾ ਕੇ ਮੇਰੇ ਸਾਹਮਣੇ ਧਰ ਦਿਤੀ।

**ਨੁਸਖ਼ਾ ਸਾੜ ਦੇਣਾ–**

ਓਧਰ ਭਾਈ ਹੀਰਾ ਸਿੰਘ ਜੀ ਭੀ ਆਹੁਲ ਕੇ ਆਏ ਅਤੇ ਪੁਛਣ ਲਗੇ ਕਿ ਨੁਸਖ਼ਾ ਕੰਠ ਕਰ ਲਿਆ? ਮੈਂ ਨੁਸਖਾ ਕੱਢ ਕੇ ਜਲਦੀ ਅੰਗੀਠੀ ਵਿਚ ਸਿਟ ਦਿਤਾ ਅਤੇ ਪ੍ਰਚੰਡਕਾ ਦੀ ਭੇਟ ਕਰ ਦਿਤਾ। ਅਤੇ ਉਥੇ ਹੀ ਖਲੋ ਕੇ ਅਰਦਾਸਾ ਸੋਧ ਦਿਤਾ ਕਿ ਹੇ ਸਚੇ ਪਾਤਿਸ਼ਾਹ! ਪਿਛਲਾ ਅਪ੍ਰਾਧ ਖਿਮਾ ਕਰੀਂ ਅਤੇ ਅਗੇ ਨੂੰ ਇਸ ਕੋੜੇ ਰੋਗ ਨੂੰ ਨੇੜੇ ਨਾ ਆਉਣ ਦੇਈਂ। ਜੋ ਕੁਛ ਰਸਾਇਣੀ ਨੁਸਖੇ ਦਾ ਅੰਗ ਅੰਗ ਚੇਤੇ ਹੋਇਆ ਹੈ ਸੋ ਮੇਰੇ ਮਗਜ਼ ਵਿਚੋਂ ਮਿਟ ਜਾਵੇ ਅਤੇ ਸੁਪਨ ਮਾਤਰ ਭੀ ਚੇਤੇ ਨ ਆਵੇ। ਭਾਈ ਹੀਰਾ ਸਿੰਘ ਚਰਿਆ ਉਠੇ ਅਤੇ ਕਹਿਣ ਲਗੇ ਕਿ ਭਾਈ ਸਾਹਿਬ ਜੀ! ਆਪ ਨੇ ਇਹ ਬੜਾ ਗ਼ਜ਼ਬ ਕੀਤਾ। ਜਿਸ ਕੀਮੀਆ ਨੂੰ ਲਖਾਂ ਦੰਮਾਂ ਦੇ ਬਦਲੇ ਮੈਥੋਂ ਮੰਗਦੇ ਰਹੇ, ਪਰ ਮੈਂ ਦਵਾਲ ਨਾ ਹੋਇਆ, ਜਿਸ ਕੀਮੀਆ ਨੂੰ ਵਡੇ ਵਡੇ ਧਨ-ਪਾਤਰ ਲੋਕ ਅਤੇ ਵਡੇ ਵਡੇ ਲਖ ਲਖਸ਼ਮੀਏ ਜੌਹਰੀ ਬੱਚੇ ਤਰਸਦੇ ਮਰ ਗਏ, ਪਰ ਕਿਸੇ ਦੇ ਹੱਥ ਨਾ ਆਇਆ, ਉਸ ਕੀਮੀਆ ਨੂੰ ਆਪ ਨੇ ਇਕ ਛਿਨ ਵਿਚ ਭਸਮਾ-ਭੂਤ ਕਰ ਦਿਤਾ, ਮਾਨੋ, ਇਕ ਨਾਯਾਬ ਖ਼ਜ਼ਾਨੇ ਨੂੰ ਅਜਾਈਂ ਹਥੋਂ ਗੰਵਾ ਦਿਤਾ। ਕੀ ਪਤਾ, ਫੇਰ ਦਸਣ ਦਾ ਅਵਸਰ ਮਿਲੇ ਯਾ ਨਾ ਮਿਲੇ? ਇਸ ਸਰੀਰ ਦਾ ਕੁਛ ਵਿਸਾਹ ਨਹੀਂ। ਨਾਲੇ ਰੋਜ਼ ਰੋਜ਼ ਇਹ ਇਕਾਂਤ-ਮੇਲੇ ਜੇਲ੍ਹ ਵਿਚ ਕਿਤੇ ਧਰੇ ਪਏ ਹਨ। ਮੈਨੂੰ ਉਮੈਦ ਨਹੀਂ ਕਿ ਇਹ ਰਸਾਇਣ ਨੁਸਖੇ ਆਪ ਨੇ ਕੰਠ ਕੀਤੇ ਹੋਣ। ਕੋਈ ਇਕ ਅੱਧਾ ਹੀ ਕੀਤਾ ਹੋਣਾ ਹੈ, ਉਹ ਭੀ ਆਸ ਨਹੀਂ ਕਿ ਆਪ ਨੇ ਚੇਤੇ ਰਖਣ ਦੀ ਪਰਵਾਹ ਕੀਤੀ ਹੋਵੇ, ਕਿਉਂਕਿ ਆਪ ਦੀ ਚਿਤ ਉਪ੍ਰਾਮਤਾ ਦਸਦੀ ਹੈ ਕਿ ਇਸ ਖਲਜਗਣ ਵਿਚ ਪੈਣੋਂ ਉਕਤਾਉਂਦੇ ਹੋ। ਪਰਉਪਕਾਰੀ ਜਨਾਂ ਨੂੰ ਉਪ੍ਰਾਮਤਾ ਕਾਹਦੀ? ਤੁਸੀਂ ਕੋਈ ਨਿਜ ਲਾਭ ਲਾਹੇ ਲਈ ਲਾਲਚ ਦੇ ਅਧੀਨ ਹੋ ਕੇ ਥੋੜੇ ਇਸ ਨੂੰ ਵਰਤਣਾ ਹੈ। ਉਪਕਾਰ ਨਮਿਤ ਲੇਖੇ ਲਾਉਣਾ ਹੈ, ਆਉ ਅਜੇ



www.AKJ.Org

ਭੀ ਉਪ੍ਰਾਮਤਾ ਛਡੋ, ਮੈਂ ਆਪ ਨੂੰ ਫੇਰ ਲਿਖਾਵੇਂਦਾ ਹਾਂ। ਅਜ ਰਾਤ ਵਿਚ ਲਿਖ ਲੈਣਾ। ਇਕ ਹਫਤੇ ਵਿਚ ਸਭ ਕੰਠ ਹੋ ਜਾਣਗੇ। ਮੈਂ ਨਿਤ ਸੁਣ ਕੇ ਇਮਤਿਹਾਨ ਲੈ ਲਿਆ ਕਰੂੰ। ਮੈਂ ਭਾਈ ਹੀਰਾ ਸਿੰਘ ਜੀ ਨੂੰ ਆਖਿਆ ਕਿ ਭਾਈ ਸਾਹਿਬ ਜੀ, ਖਿਮਾ ਕਰਨਾ, ਮੈਂ ਬੜਾ ਅਕ੍ਰਿਤਘਣ ਹਾਂ। ਆਪ ਨੇ ਆਪਣੀ ਉਸ ਨਾਯਾਬ ਵਸਤੂ ਨੂੰ ਮੇਰੇ ਪ੍ਰਤੀ ਨਿਛਾਵਰ ਕੀਤਾ ਕਿ ਜੋ ਆਪ ਆਪਣੇ ਕਿਸੇ ਅਜ਼ੀਜ਼ ਨਿਜ ਜਿਗਰ ਦੇ ਟੁਕੜੇ ਨੂੰ ਭੀ ਦੇਣੋਂ ਦਸਣੋਂ ਬੇ-ਨਿਆਜ਼ ਸੇ, ਪ੍ਰੰਤੂ ਮੈਂ ਇਸ ਦਾ ਗਾਹਕ ਨਹੀਂ ਸੀ।

"ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖਿ ਵਿਕਾਇ॥" (੧੦੮੬-੮੭)

ਆਪ ਮੈਥੋਂ ਬਧੇ ਰੁਧੇ ਤੋਂ ਉਪਕਾਰ ਕਰਾਉਣਾ ਚਾਹੁੰਦੇ ਸੀ, ਸੋ ਸਿਰੇ ਨਾ ਚੜ੍ਹਿਆ, ਨਾ ਚੜ੍ਹਨਾ ਹੈ, ਕਿਉਂਕਿ :— "ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥"

ਮੇਰੇ ਭਾ ਦਾ ਤਾਂ ਇਹ ਘਾਟੇ ਦਾ ਸੌਦਾ ਮੈਨੂੰ ਪਰਤੀਤ ਹੋਇਆ। ਅਜੇ ਰਸਾਇਣੀ ਨੁਸਖਾ ਹੀ ਲਿਖ ਪੜ੍ਹ ਕੇ ਘੋਖਣ ਲਗਿਆ ਸੀ ਕਿ ਮੇਰੀ ਸੁਰਤੀ ਬਿਰਤੀ ਨਪੀੜੀ ਜਾਣ ਲਗ ਪਈ, ਅਜਿਹਾ ਵਟ ਚੜ੍ਹੇ ਕਿ ਚਉੜ ਚੁਪਟ ਹੀ ਹੋਣ ਲਗੀ ਸੀ। ਜੇ ਮੈਂ ਕਿਤੇ ਰਸਾਇਣਬਾਜ਼ੀ ਦੀ ਖਲਜਗਣ ਵਿਚ ਪੈ ਜਾਂਦਾ ਤਾਂ ਇਸ ਪੰਕਜ ਕਰਨੀ ਵਿਚ ਨਿਘਰ ਜਾਣ ਵਾਲੀਆਂ ਹੀ ਸਹੇੜ ਬਿਊਂਤਾਂ ਸਨ। ਸਤਿਗੁਰੂ ਦੀ ਅਪਾਰ ਕਿਰਪਾ ਹੋਈ ਕਿ ਨੇੜੇ ਹੀ ਮੋੜੇ ਪੈ ਗਏ, ਨਹੀਂ ਤਾਂ ਰੁੜ੍ਹ ਜਾਣ ਵਾਲੀਆਂ ਗੱਲਾਂ ਸਨ। "ਭਲੀ ਸਰੀ ਜਿ ਉਬਰੀ" (੧੮)

ਪਰ ਭਾਈ ਹੀਰਾ ਸਿੰਘ ਜੀ ਮੇਰੀ ਇਕ ਨਹੀਂ ਸੁਣਦੇ ਸਨ। ਅਤੇ ਰਾਤ ਨੂੰ ਫੇਰ ਵਟ ਚੜ੍ਹਾਉਣ ਦੇ ਪੂਰੇ ਮਨਸੂਬੇ ਮਥੀ ਬੈਠੇ ਸਨ। ਪਰ ਰਾਤ ਨੂੰ ਐਸਾ ਭਾਣਾ ਵਰਤਿਆ ਕਿ ਅਸਾਡੀਆਂ ਕੋਠੀਆਂ ਤਕੜੀ ਵਿਥ ਤੇ ਦੂਰ ਦੂਰ ਕਰਕੇ ਅਸਾਨੂੰ ਬੰਦ ਕਰ ਦਿਤਾ ਗਿਆ, ਜਿਥੇ ਨਾ ਕੋਈ ਆਵਾਜ਼ ਸੁਣੇ, ਨਾ ਗੱਲ ਬਾਤ ਹੋ ਸਕੇ। ਸਤਿਗੁਰੂ ਆਪ ਸਹਾਈ ਹੋਏ। ਗਡਣ ਵਿਚੋਂ ਕੱਢ ਕੇ ਫੇਰ ਗਡਣ ਵਿਚ ਪੈਣ ਦਾ ਦਾਉ ਮੌਕਾ ਹੀ ਨਾ ਆਉਣ ਦਿਤਾ। ਇਸ ਬਿਧ ਰਸਾਇਣੀ ਰੋੜਾਂ ਵਿਚੋਂ ਰਖ ਬਚਾਵਣ ਦੀ ਸਤਿਗੁਰ ਨੇ ਆਪ ਰਖਿਆ ਕੀਤੀ। ਦੂਜੇ ਦਿਨ ਹੀ ਹੋਰ ਸੁਣਾਉਣੀ ਸੁਣ ਲਈ। ਅਸਾਡੇ ਐਧਰ ਵਖ ਕਢੇ ਜਾਣ ਕਰਕੇ ਪ੍ਰੋਟੈਸਟ ਵਜੋਂ ਅਸਾਡੇ ਸਾਥੀਆਂ ਨੇ ਫੇਰ ਮੋਰਚੇ ਲਾ ਦਿਤੇ। ਕਾਰ ਅਹਾਰ ਦੋਹਾਂ ਦੀ ਹੜਤਾਲ ਕਰ ਦਿਤੀ। ਜੇਲ੍ਹ ਵਾਲਿਆਂ ਨੂੰ ਪਏ ਪਿੱਸੂ ਅਤੇ ਲਗੇ ਅਸਾਡੀ ਹਥੀਂ ਪੈਰੀਂ ਪੈਣ। ਓੜਕ ਏਸੇ ਗੱਲ ਤੇ ਨਿਬੜੀ, ਅਸਾਨੂੰ ਵਾਪਸ ਲੈ ਜਾਣਾ ਪਿਆ। ਅਸੀਂ ਫ਼ੇਰ ਇਹ ਗੱਲ ਉਨ੍ਹਾਂ ਤੇ ਮੰਨਵਾਈ ਕਿ ਸਾਡੇ ਨਵੇਂ ਆਏ ਸੱਜਣਾਂ ਤੋਂ ਧੀਂਗੋ ਜ਼ੋਰੀ ਕੋਈ ਕੰਮ ਨਾ ਕਰਾਉਣ ਅਤੇ ਸਾਡੇ ਵਰਗੀ ਹੀ ਖਾਧ ਖ਼ੁਰਾਕ ਦੇਣ ਅਤੇ ਅਗੇ ਵਾਂਗੂ ਠੱਗੀ ਨਾ ਕਰਨ।

# ਡਾਃ ਹਰਬੰਸ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਛੜ ਗਏ

ਸ੍ਰੀ ਅੰਮ੍ਰਿਤਸਰ ਅਖੰਡ ਕੀਰਤਨੀ ਜਥੇ ਦੇ ਕੀਰਤਨੀ ਵੀਰ, ਡਾਕਟਰ ਹਰਬੰਸ ਸਿੰਘ ਜੀ ਅੱਖਾਂ ਦੇ ਸਪੈਸ਼ਲਿਸਟ, ਸਦਾ ਗੁਰਬਾਣੀ ਤੇ ਕੀਰਤਨ-ਰੰਗਾਂ ਵਿਚ ਰਹਿੰਦੇ, ਪ੍ਰਾਣੀ ਮਾਤਰ ਦੀ ਪਿਆਰ ਨਾਲ ਸੇਵਾ ਕਰਨ ਵਿਚ ਖੁਸ਼ੀ ਲੈਂਦੇ ਸਨ। ਆਪ ਦੋ ਢਾਈ ਮਹੀਨੇ ਬੀਮਾਰੀ ਦੀ ਹਾਲਤ ਵਿਚ ਮੰਜੇ ਤੇ ਰਹੇ। ਡਾਕਟਰ ਜੀ ਦੀ ਬੱਚੀ ਬੀਬੀ ਭੁਪਿੰਦਰ ਕੌਰ ਤੇ ਰੰਗ-ਰਤੜੇ ਦਾਮਾਦ ਸ: ਸੂਰਤ ਸਿੰਘ ਜੀ (ਪੂਰਨ ਜੀ) ਅਤੇ ਹੋਰ ਸਿਖ ਸੰਗਤਾਂ ਵਲੋਂ, ਉਨ੍ਹਾਂ ਦੇ ਲਾਗੇ ਸਦਾ ਹੀ ਗੁਰਬਾਣੀ ਤੇ ਨਾਮ-ਰੰਗ ਦੇ ਪਰਵਾਹ ਚਲਦੇ ਰਹੇ ਅਤੇ ਆਖਰੀ ਸਵਾਸ ਤਕ ਇਨ੍ਹਾਂ ਰੰਗਾਂ ਵਿਚ ਹੀ ਪੂਰੇ ਹੋਸ਼-ਹਵਾਸ ਵਿਚ ਰਹਿ ਕੇ ਸਤਿਗੁਰੂ ਨੂੰ ਪਿਆਰੇ ਹੋ ਗਏ। ਆਪ ਜੀ ੯ ਅਗਸਤ ੧੯੮੩ ਨੂੰ ਦੁਪਹਿਰੇ ਡੇਢ ਵਜੇ ਅਕਾਲ ਚਲਾਣਾ ਕਰ ਗਏ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ

[ਸ: ਅਮਰਜੀਤ ਸਿੰਘ ਜੀ, ਸਾਇਲ ਵਿਭਾਗ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ]

ਜਗਤ ਜਲੰਦੇ ਨੂੰ ਰਖਣਹਾਰ, ਜ਼ਾਹਰ ਜ਼ਹੂਰ, ਹਾਜ਼ਰ ਹਜ਼ੂਰ, ਜਾਗਤ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਧੁਰ ਤੋਂ ਅਕਾਲ ਪੁਰਖ ਵਲੋਂ ਆਈ ਰੱਬੀ ਬਾਣੀ ਨੂੰ ਆਪਣੇ ਅੰਦਰ ਸਮੋਈ, ਸਮੁਚੇ ਸੰਸਾਰ ਦੀ ਕੂੜ ਕੁਸੱਤ ਵਾਲੀ ਕਾਲਖ ਨੂੰ ਧੋਣ ਲਈ ਚਾਨਣ-ਮੁਨਾਰੇ ਦਾ ਕਾਰਜ ਕਰ ਰਹੇ ਹਨ। ਇਕੋ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਜਿਸ ਨੂੰ ਦੂਸਰੇ ਧਾਰਮਿਕ ਫ਼ਿਰਕਿਆਂ ਦੇ ਹਰ ਵਰਨ ਜਾਤ ਦੇ ਪੁਰਸ਼ ਇਸਤ੍ਰੀ ਸੀਸ ਨਿਵਾਉਂਦੇ ਹਨ। ਰੱਬੀ ਬਾਣੀ ਅਤੇ ਪ੍ਰਭੂ-ਭਗਤੀ ਦੇ ਅਖੁੱਟ ਖਜ਼ਾਨਿਆਂ ਦਾ ਜੇ ਕੋਈ ਭੰਡਾਰ ਹੈ ਤਾਂ ਉਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਮੇਂ ਸਮੇਂ ਵਖ ਵਖ ਮਜ਼ਹਬਾਂ ਦੇ ਸਤਿਕਾਰ ਯੋਗ ਗ੍ਰੰਥ ਰਚੇ ਗਏ, ਜਿਵੇਂ ਕਿ ਮੁਸਲਮਾਨਾਂ ਦੇ ਕੁਰਾਨ ਸ਼ਰੀਫ, ਈਸਾਈਆਂ ਦੀ ਬਾਈਬਲ ਤੇ ਹਿੰਦੂਆਂ ਦੀ ਰਮਾਇਣ ਤੇ ਗੀਤਾ ਆਦਿਕ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਨਿਵੇਕਲੀ ਵਿਲੱਖਣਤਾ ਦੇ ਮਾਲਕ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਜਦੋਂ ਸਿੰਘਾਂ ਨੇ ਉਨ੍ਹਾਂ ਤੋਂ ਪੁਛਿਆ, "ਸਚੇ ਪਾਤਸ਼ਾਹ, ਆਪ ਜੀ ਮਗਰੋਂ ਸਾਡੀ ਅਗਵਾਈ ਕੌਣ ਕਰੇਗਾ ?" ਤਾਂ ਦਸਮ ਪਾਤਸ਼ਾਹ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਨਿਵਾ ਕੇ ਸਿੰਘਾਂ ਨੂੰ ਹੁਕਮ ਕੀਤਾ ਕਿ ਹੁਣ ਤੁਹਾਡੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰਨਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੋ ਇਹ ਗੁਰੱਤਾ ਦੀ ਮਹਾਨ ਪਦਵੀ ਪ੍ਰਾਪਤ ਹੈ, ਸੋ ਹੋਰ ਕਿਸੇ ਵੀ ਫ਼ਿਰਕੇ ਦੇ ਧਾਰਮਿਕ ਗ੍ਰੰਥ ਨੂੰ ਪ੍ਰਾਪਤ ਨਹੀਂ ਹੈ।

ਪੰਚਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਇਸ ਵਿਚ ਕਿਸੇ ਮਨੁੱਖ ਦੀ ਵਡਿਆਈ ਨਹੀਂ ਕੀਤੀ, ਧਰਤੀ ਉਪਰ ਤੁਰਦੇ ਫਿਰਦੇ ਕਿਸੇ ਜੀਵ ਨੂੰ ਵੀ ਨਹੀਂ ਵਡਿਆਇਆ, ਪਰ ਦੂਸਰੇ ਗ੍ਰੰਥਾਂ ਵਲ ਨਜ਼ਰ ਮਾਰਦੇ ਹਾਂ ਤਾਂ ਕੁਰਾਨ ਦੇ ਕਰਤਾ ਹਜ਼ਰਤ ਮੁਹੰਮਦ ਸਾਹਿਬ ਨੇ ਲਿਖਿਆ ਹੈ ਕਿ ਜਿਹੜਾ ਸ਼ਖ਼ਸ ਮੇਰੇ ਅਤੇ ਮੇਰੇ ਖ਼ੁਦਾ ਪਰ ਇਮਾਨ ਲਿਆਵੇਗਾ, ਉਹ ਦੋਜ਼ਕ ਦੀ ਅੱਗ ਵਿਚੋਂ ਬਚੇਗਾ। ਮੁਸਲਮਾਨਾਂ ਨੇ ਸਮਝ ਲਿਆ ਕਿ ਜਿਹੜਾ ਮੁਸਲਮਾਨ ਨਹੀਂ ਉਹ ਕਾਫ਼ਰ ਹੈ। ਯਸੂ ਮਸੀਹ ਨੇ ਬਾਈਬਲ ਵਿਚ ਦਸਿਆ ਹੈ, "ਜੋ ਦੁਨੀਆ ਸਾਹਮਣੇ ਮੇਰਾ ਇਜ਼ਹਾਰ ਕਰੇਗਾ, ਮੈਂ ਅਕਾਸ਼ੀ ਪਿਤਾ ਸਾਹਮਣੇ ਉਸ ਦਾ ਹੀ ਇਕਰਾਰ ਕਰਾਂਗਾ। ਜੋ ਇਨਕਾਰ ਕਰੇਗਾ, ਮੈਂ ਉਸ ਕੋਲੋਂ ਕਿਨਾਰਾ ਕਰਾਂਗਾ।" ਭਾਵ ਈਸਾ ਵਲੋਂ ਰੱਬ ਦੇ ਬੰਦੇ ਉਹੀ ਹਨ ਜੋ ਉਸ ਨੂੰ ਆਪ ਨੂੰ ਮੰਨਦੇ ਹਨ। ਬ੍ਰਾਹਮਣ-ਪੂਜ ਹਿੰਦੂਆਂ ਦੀ ਗੱਲ ਲੈ ਲਵੋ। ਇਨ੍ਹਾਂ ਦੀਆਂ ਦੋਵੇਂ ਧਾਰਮਿਕ ਪੁਸਤਕਾਂ ਜਾਂ ਗ੍ਰੰਥ (ਗੀਤਾ ਤੇ ਰਮਾਇਣ) ਵਿਚ ਅਕਾਲ ਪੁਰਖ ਨੂੰ ਲਾਂਭੇ ਕਰ ਕੇ ਸੀਤਾ-ਪਤੀ ਰਾਮ ਤੇ ਕ੍ਰਿਸ਼ਨ (ਜੋ ਬਿਨਸਨਹਾਰੇ ਹਨ) ਦੀ ਹੀ ਉਪਮਾ ਕੀਤੀ ਗਈ ਹੈ। ਕਈ ਬ੍ਰਾਹਮਣ-ਪੂਜ ਅਕਲੱਈਏ ਕਹਿੰਦੇ ਹਨ ਕਿ ਗੁਰੂ ਗ੍ਰੰਥ ਵਿਚ ਵੀ ਸੀਤਾ-ਪਤੀ ਰਾਮ ਦੀ ਅਰਾਧਨਾ ਕੀਤੀ ਗਈ ਹੈ। ਜਿਹਾ ਕਿ—

ਰਾਮੁ ਸਿਮਰੁ ਪਛੁਤਾਹਿਗਾ ਮਨ ॥ (੧੧੦੬)

ਜਾਂ ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥

ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥ (੧੪੨੯)

ਦੇਵੀਪੂਜ ਹਿੰਦੂ ਉਪਰੋਕਤ 'ਰਾਮ' ਤੇ 'ਰਘੁਨਾਥ' ਨੂੰ ਸਿਰਫ਼ ਆਪਣੇ ਦਾਇਰੇ ਤੀਕਰ ਹੀ ਸੀਮਤ ਰਖਦੇ ਹਨ। ਪਰ ਇਹ 'ਰਾਮ' ਤੇ ਰਘੂਨਾਥ' ਉਸ ਇਕ ਅਕਾਲਪੁਰਖ ਦਾ ਹੀ ਨਾਮ ਹੈ। ਉਸ ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਹੋ ਹੀ ਨਹੀਂ ਸਕਦਾ। ਉਸ ਜਾਗਦੀ ਜੋਤਿ ਦਾ ਕੋਈ ਇਕ ਨਾਮ ਨਹੀਂ। ਵੱਖ ਵੱਖ ਮਹਾਪੁਰਖਾਂ, ਭਗਤਾਂ ਨੇ ਉਸ ਨੂੰ ਵਖਰੇ ਵਖਰੇ ਨਾਮਾਂ ਨਾਲ ਪੁਕਾਰਿਆ ਹੈ, ਜਿਹਾ ਕਿ ਰਵਿਦਾਸ ਭਗਤ ਜੀ



www.AKJ.Org

ਨੇ ਅਕਾਲ ਪੁਰਖ ਨੂੰ ਰਾਮ, ਰਾਮ ਗੁਸਈਆ, ਪ੍ਰਭੂ, ਮਾਧਵ, ਮੁਕੰਦ ਆਦਿ ਕਹਿ ਕੇ ਪੁਕਾਰਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਰਿ, ਪ੍ਰਭੂ, ਗੋਬਿੰਦ, ਰਾਮ, ਰਘੁਨਾਥ ਆਦਿ ਕਿਹਾ ਹੈ। ਧੰਨੇ ਭਗਤ ਨੇ ਦਇਆਲ ਦਮੋਦਰ ਤੇ ਪਰਮਾਨੰਦ ਮਨੋਹਰ ਨਾਵਾਂ ਨਾਲ ਧਿਆਇਆ ਹੈ। 'ਰਾਮ' ਨਾਮ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਵਾਰੀ ਨਹੀਂ, ਪੂਰੇ ਸਤਾਰਾਂ ਸੌ ਸੱਠ (੧੭੬੦) ਵਾਰ ਕੀਤੀ ਗਈ ਹੈ ਤੇ 'ਵਾਹਿਗੁਰੂ' ਨਾਮ ਦੀ ਵਰਤੋਂ ਸ਼ਾਇਦ ਸਿਰਫ ਸਤਾਰਾਂ (੧੭) ਵਾਰੀ। ੧੭੬੦ (ਸਤਾਰਾਂ ਸੌ ਸੱਠ) ਵਾਰੀ 'ਰਾਮ' ਕਹਿਣ ਦਾ ਭਾਵ ਇਹ ਨਹੀਂ ਕਿ ਉਹ ਅਜੁਧਿਆ ਦੇ 'ਰਾਮ' ਦੀ ਅਰਾਧਨਾ ਹੈ। ਬ੍ਰਾਹਮਣਾਂ ਨੇ ਤਾਂ ਅਕਾਲ ਪੁਰਖ ਦੇ ਨਾਮ ਦੀਆਂ ਵੰਡੀਆਂ ਪਾਈਆਂ ਹੋਈਆਂ ਹਨ। ਕੋਈ ਦੇਵੀਆਂ ਦਾ ਭਗਤ ਹੈ, ਕੋਈ ਦੇਵਤਿਆਂ ਦਾ ਪੁਜਾਰੀ। ਕੋਈ ਸੂਰਜ ਨੂੰ ਪਾਣੀ ਸੁੱਟੀ ਜਾਂਦਾ ਹੈ ਤੇ ਕੋਈ ਪੱਥਰਾਂ ਉਪਰ ਮੱਥੇ ਰਗੜੀ ਜਾਂਦਾ ਹੈ। ਪਰ ਗੁਰਮਤਿ ਇਨ੍ਹਾਂ ਸਾਰਿਆਂ ਫੋਕੇ ਵਹਿਮਾਂ ਭਰਮਾਂ ਤੋਂ ਮੁਕਤ ਹੈ ਤੇ ਇਕੋ ਅਕਾਲਪੁਰਖੀ ਸੋਮੇ ਨੂੰ ਮੰਨਦਾ ਹੈ। ਮਨੁੱਖ ਨੂੰ ਪੀਰਾਂ, ਫਕੀਰਾਂ ਦੀਆਂ ਮੜ੍ਹੀਆਂ ਮਸਾਣਾਂ ਵਿਚ ਜਾਣੋ ਰੋਕਦਾ ਹੈ। ਫੇਰ ਬ੍ਰਾਹਮਣਾਂ ਨੇ ਧਰਤੀ ਉਤੇ ਰਹਿਣ ਵਾਲੇ ਮਨੁੱਖ ਨੂੰ ਬ੍ਰਾਹਮਣ ਖਤਰੀ ਵੈਸ਼ ਤੇ ਸੂਦਰ ਚਾਰ ਭਾਗਾਂ ਵਿਚ ਵੰਡਿਆ। ਹਰੇਕ ਵਰਨ ਲਈ ਵਖਰੇ ਵਖਰੇ ਕਰਮ ਨਿਯਤ ਕਰ ਦਿੱਤੇ। ਸੂਦਰ ਵਿਚਾਰੇ ਨੂੰ ਕਿਸੇ ਪਾਸੇ ਢੋਈ ਨਾ ਮਿਲੀ। ਰਮਾਇਣ ਦੇ ਕਰਤਾ ਨੇ ਰਮਾਇਣ ਦੇ ਨਾਇਕ (ਰਾਮ ਚੰਦਰ) ਦੇ ਮੂੰਹੋਂ ਅਖਵਾਇਆ ਹੈ :

ਪਸ਼ੂ, ਢੋਲ, ਗਵਾਰ, ਸੂਦਰ ਔਰ ਨਾਰੀ। ਪਾਚੋਂ ਤਾੜਨ ਕੇ ਅਧਿਕਾਰੀ।

ਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਕਹਿੰਦੇ ਹਨ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥੨॥੯॥ –ਮਾਝ ਮ: ੫, ਪੰਨਾ ੯੭

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਜੋ ਉਪਦੇਸ਼ ਮਿਲਦਾ ਹੈ, ਉਹ ਕਿਸੇ ਇਕ ਵਰਨ ਜਾਂ ਜਾਤੀ ਲਈ ਨਹੀਂ, ਸਗੋਂ 'ਉਪਦੇਸੁ ਚਹੁ ਵਰਨਾਂ ਕਉ ਸਾਂਝਾ' ਹੈ।

ਹਿੰਦੁਸਤਾਨ ਵਿਚ ਪੁਰਾਤਨ ਸਮੇਂ ਤੋਂ ਚਾਰ ਵੇਦ, ਸਤਾਈ ਸਿਮ੍ਰਤੀਆ, ਛੇ ਸ਼ਾਸਤ੍ਰ ਤੇ ਅਠਾਰ੍ਹਾਂ ਪੁਰਾਣਾਂ ਤੋਂ ਇਲਾਵਾ ਬਾਈਬਲ, ਗੀਤਾ, ਕੁਰਾਨ, ਰਮਾਇਣ, ਅੰਜੀਲ ਆਦਿਕ ਵਿਚੋਂ ਕਿਸੇ ਇਕ ਵਿਚ ਵੀ ਨੀਵੀਂ ਜਾਤੀ ਦੇ ਸੂਦਰਾਂ ਆਦਿ ਨੂੰ ਕੋਈ ਥਾਂ ਨਹੀਂ ਦਿਤੀ ਗਈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਪੁਕਾਰ ਪੁਕਾਰ ਕੇ ਆਖਿਆ–

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆਂ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ ਸਿਰੀਰਾਗੁ ਮ: ੧, ਪੰਨਾ ੧੫

ਇਥੇ ਹੀ ਬਸ ਨਹੀਂ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ (੧੩੪੯-੫੦)

ਦਸਮ ਪਾਤਸ਼ਾਹ ਜੀ ਵੀ ਕਹਿੰਦੇ ਹਨ :

ਹਿੰਦੂ ਤੁਰਕ ਕੋਊ, ਰਾਫਜੀ ਈਮਾਮ ਸ਼ਾਫੀ, ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਂਝੀਵਾਲਤਾ ਦੇ ਮੁਖ ਸਰੋਤ ਹਨ। ਇਨ੍ਹਾਂ ਤੋਂ ਸਾਨੂੰ ਕਿਰਤ ਕਰਨ, ਨਾਮ ਜਪਣ, ਤੇ ਵੰਡ ਛਕਣ ਦਾ ਉਪਦੇਸ਼ ਮਿਲਦਾ ਹੈ। ਆਪ ਜੀ ਨੇ ਸਮਾਜ ਵਿਚ ਭਰਾਤ੍ਰੀ ਭਾਵ ਨੂੰ ਪੈਦਾ ਕੀਤਾ ਹੈ। ਊਚ ਨੀਚ ਦਾ ਭੇਦ-ਭਾਵ ਖਤਮ ਕਰ ਕੇ ਦਸਿਆ ਹੈ।

'ਏਕੁ ਪਿਤਾ ਏਕਸੁ ਕੇ ਹਮ ਬਾਰਿਕ' –ਸੋਰਠਿ ਮ: ੫, ਪੰਨਾ ੬੧੧-੧੨


www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਹੋਰ ਮਜ਼ਹਬਾਂ ਦੇ ਜਿੰਨੇ ਵੀ ਗ੍ਰੰਥ ਰਚੇ ਹੋਏ ਮਿਲਦੇ ਹਨ, ਸੋ ਸਾਰੇ ਦੇ ਸਾਰੇ ਉਨ੍ਹਾਂ ਦੇ ਰਚਨਹਾਰਿਆਂ ਤੋਂ ਢੇਰ ਚਿਰ ਪਿਛੋਂ, ਉਨ੍ਹਾਂ ਦੇ ਪੈਰੋਕਾਰਾਂ ਵਲੋਂ ਲਿਖੇ ਗਏ ਹਨ। ਰਿਸ਼ੀਆਂ ਮੁਨੀਆਂ ਜਾਂ ਨਬੀਆਂ ਪੈਗੰਬਰਾਂ ਆਦਿ ਦੇ ਕਲਾਮ ਜਾਂ ਉਨ੍ਹਾਂ ਦੀ ਬਾਣੀ ਉਨ੍ਹਾਂ ਆਪ ਨਹੀਂ ਲਿਖੀ, ਸਗੋਂ ਉਨ੍ਹਾਂ ਦੇ ਨਾਵਾਂ ਹੇਠ ਬਾਅਦ ਵਿਚ ਲਿਖੀ ਜਾਂਦੀ ਰਹੀ ਹੈ। ਹੁਣ ਪਾਠਕ ਆਪ ਅੰਦਾਜ਼ਾ ਲਾ ਲੈਣ ਕਿ ਜਿਹੜੀ ਗੱਲ ਕੋਈ ਇਨਸਾਨ ਮੂੰਹੋਂ ਕਹਿੰਦਾ ਹੈ ਤੇ ਉਹ ਸੈਂਕੜੇ ਜਾਂ ਹਜ਼ਾਰਾਂ ਸਾਲਾਂ ਮਗਰੋਂ ਕਿਸੇ ਨੂੰ ਦਸੀ ਜਾਂ ਲਿਖੀ ਜਾਵੇ ਤਾਂ ਉਹ ਬਿਲਕੁਲ ਹੂ-ਬ-ਹੂ ਉਸੇ ਤਰ੍ਹਾਂ ਬੋਲ ਜਾਂ ਲਿਖ ਨਹੀਂ ਸਕਦਾ, ਜਿਸ ਤਰ੍ਹਾਂ ਅਸਲ ਵਿਚ ਉਚਾਰੀ ਗਈ ਹੁੰਦੀ ਹੈ। ਉਸ ਵਿਚ ਜ਼ਰੂਰ ਮਿਲਾਵਟ ਆ ਜਾਂਦੀ ਹੈ। ਮਿਲਾਵਟ ਵਾਲੀ ਰਚਨਾ ਸਚਾਈ ਉਪਰ ਪੂਰੀ ਨਹੀਂ ਉਤਰ ਸਕਦੀ।

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਜਿਉਂ ਜਿਉਂ ਸਤਿਗੁਰਾਂ ਨੇ ਉਚਾਰੀ, ਉਸ ਵੇਲੇ ਉਹ ਬਾਣੀ 'ਪੋਥੀ' ਰੂਪ ਧਾਰਨ ਕਰਦੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤੀਕਰ ਬਾਣੀ ਦੀਆਂ ਪੋਥੀਆਂ ਪੰਚਮ ਪਾਤਸ਼ਾਹ ਜੀ ਨੇ ਭਾਈ ਮੋਹਨ ਜੀ ਤੋਂ ਪ੍ਰਾਪਤ ਕੀਤੀਆਂ। ਉਨ੍ਹਾਂ ਪੋਥੀਆਂ ਨੂੰ ਪੰਚਮ ਪਾਤਸ਼ਾਹ ਜੀ ਨੇ ਪਾਲਕੀ ਵਿਚ ਟਿਕਾ ਕੇ ਆਪ ਨੰਗੇ ਪੈਰੀਂ ਚੌਰ ਕਰਦੇ ਹੋਏ ਸ੍ਰੀ ਗੋਇੰਦਵਾਲ ਤੋਂ ਅੰਮ੍ਰਿਤਸਰ ਜੀ ਰਾਮਸਰ ਦੇ ਅਸਥਾਨ ਤੇ ਲੈ ਕੇ ਆਏ। ਫੇਰ ਗੁਰੂ ਘਰ ਦੇ ਨਿਸ਼ਕਾਮ ਸੇਵਕ ਭਾਈ ਗੁਰਦਾਸ ਜੀ ਨੂੰ ਉਚੀ ਥਾਂ ਤੇ ਬਿਰਾਜਮਾਨ ਕਰ ਕੇ, ਤੇ ਆਪ ਨੀਵੀਂ ਥਾਂ ਉਪਰ ਸੁਸ਼ੋਭਿਤ ਹੋ ਕੇ ਆਪਣੇ ਪਵਿਤਰ ਮੁਖਾਰਬਿੰਦ 'ਚੋਂ ਬਾਣੀ ਉਚਾਰੀ ਤੇ ਭਾਈ ਸਾਹਿਬ ਜੀ ਨੇ ਲਿਖਤੀ ਰੂਪ ਦਿੱਤਾ। ਜਿਸ ਵੇਲੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਆਪਣੀ ਬਾਣੀ ਸਮੇਤ ਸੰਪੂਰਨ ਹੋਈ ਤਾਂ ਸ੍ਰੀ ਰਾਮਸਰ ਜੀ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੋਥੀ ਸਾਹਿਬ ਨੂੰ ਲਿਆ ਕੇ ਗੁਰਬਾਣੀ ਦਾ ਪ੍ਰਕਾਸ਼ ਕੀਤਾ। ਅਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੪੮ ਮਹਾਂਪੁਰਖਾਂ ਦੀ ਬਾਣੀ ਜਾਤ ਪਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਦਰਜ ਕੀਤੀ ਗਈ ਹੈ। ਇਸ ਬਾਣੀ ਵਿਚ ਪੰਚਮ ਪਾਤਸ਼ਾਹ ਜੀ ਨੇ ਆਪਣੀ ਨਿਜੀ ਉਸਤਤਿ ਦਾ ਇਕ ਵੀ ਲਫਜ਼ ਨਹੀਂ ਲਿਖਿਆ। ਸਾਰੀ ਬਾਣੀ ਵਿਚ ਅਕਾਲ ਪੁਰਖ ਦੇ ਸੋਹਿਲੇ ਹੀ ਗਾਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਕਰਤਾ ਵਲੋਂ ਜਾਂ ਲਿਖਾਰੀ ਵਲੋਂ ਕੋਈ ਨਾਮ ਨਹੀਂ ਲਿਖਿਆ ਗਿਆ, ਪਰ 'ਗੀਤਾ' 'ਰਮਾਇਣ', ਬਾਈਬਲ', ਅਤੇ 'ਕੁਰਾਨ ਸ਼ਰੀਫ' ਉਪਰ ਕਰਤਿਆਂ ਦੇ ਨਾਮ ਦਿਤੇ ਗਏ ਹਨ, ਜੋ ਹਉਮੈ ਦਾ ਹੀ ਪ੍ਰਗਟਾਵਾ ਹਨ।

**ਇਸਤ੍ਰੀ ਜਾਤੀ ਨੂੰ ਦੇਣ**—ਮਰਦ ਅਤੇ ਇਸਤ੍ਰੀ ਦੋਵੇਂ ਸਮਾਜ ਦੇ ਬਰਾਬਰ ਦੇ ਦੋ ਪਹੀਏ ਹਨ। ਦੋਹਾਂ ਦੇ ਆਸਰੇ ਸਮਾਜ ਬਣਿਆ, ਵਧਿਆ ਫੁਲਿਆ ਤੇ ਪਸਾਰੇ ਵਿਚ ਆਇਆ ਹੈ। ਜਿਤਨੀ ਦੇਣ ਮਰਦ ਦੀ ਹੈ ਉਤਨੀ ਹੀ ਔਰਤ ਦੀ। ਪਰ ਹਿੰਦੂ ਮੱਤ, ਈਸਾਈ ਤੇ ਮੁਸਲਮਾਨੀ ਮੱਤ ਨਾਰੀ ਦੀ ਦੇਣ ਨੂੰ ਲਾਂਭੇ ਰੱਖ ਕੇ, ਸ਼ੁਰੂ ਤੋਂ ਹੀ ਇਸ ਨਾਲ ਬੇਇਨਸਾਫ਼ੀ ਕਰਦੇ ਆ ਰਹੇ ਹਨ। ਅੱਡੋ ਅੱਡਰੇ ਮਜ਼੍ਹਬਾਂ ਨੇ ਇਸਤ੍ਰੀ ਬਾਰੇ ਆਪਣੀਆਂ ਅੱਡ ਅੱਡ ਰਾਵਾਂ ਕਾਇਮ ਕਰ ਲਈਆਂ। ਕਿਸੇ ਨੇ ਇਸਤ੍ਰੀ ਨੂੰ ਅਬਲਾ, ਤੇ ਕਿਸੇ ਨੇ 'ਪੈਰ ਦੀ ਜੁੱਤੀ' ਕਹਿ ਕੇ ਦੁਰਕਾਰਿਆ ਹੈ। 'ਬੁਧ' ਨੇ ਆਪਣੇ ਭਿਕਸ਼ੂਆਂ ਨੂੰ ਕਿਹਾ ਕਿ ਇਸਤ੍ਰੀ ਨੂੰ ਕਦੇ ਵੇਖਣਾ ਨਹੀਂ। ਜੇ ਨਜ਼ਰ ਪੈ ਵੀ ਜਾਵੇ ਤਾਂ ਗੱਲਬਾਤ ਨਹੀਂ ਕਰਨੀ। ਜੇ ਗੱਲਬਾਤ ਹੋ ਵੀ ਜਾਵੇ ਤਾਂ ਅਕਲ ਤੋਂ ਕੰਮ ਲੇਣਾ ਹੈ। 'ਈਸਾ' ਨੇ ਇਸਤ੍ਰੀ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਕਿਹਾ, "ਐ ਔਰਤ, ਤੇਰਾ ਮੇਰੇ ਨਾਲ ਕੀ ਕੰਮ ? ਮੁਸਲਮਾਨ ਮੱਤ ਨੇ ਇਸਤ੍ਰੀ ਨੂੰ ਪਰਦੇ ਅੰਦਰ ਕੈਦ ਕੀਤਾ।

ਹਿੰਦੂ ਮਤ ਨੇ ਨਾਰੀ ਨੂੰ ਸਤੀ ਹੋਣ ਲਈ ਮਜਬੂਰ ਕੀਤਾ ਤੇ ਬਹੁਤ ਸਾਰੀਆਂ ਔਰਤਾਂ ਸਤੀ ਰਸਮ ਹੇਠ



www.AKJ.Org

ਜਲ ਮਰੀਆਂ। 'ਰਮਾਇਣ' ਦੀ ਨਾਇਕਾ ਨੂੰ ਰਾਵਣ ਦੀ ਕੈਦ ਵਿਚੋਂ ਨਿਕਲਣ ਤੋਂ ਬਾਅਦ ਆਪਣੀ ਪਵਿੱਤਰਤਾ ਦਰਸਾਉਣ ਲਈ ਖ਼ੁਦ ਅਗਨੀ-ਪ੍ਰੀਖਿਆ ਦੇਣੀ ਪਈ। ਇਸ ਕਰੜੀ ਪ੍ਰੀਖਿਆ ਦੇ ਬਾਵਜੂਦ ਵੀ ਪ੍ਰਚਲਤ ਕਥਾ ਅਨੁਸਾਰ ਰਮਾਇਣ ਦੇ ਨਾਇਕ ਨੇ ਇਕ ਧੋਬੀ ਦੇ ਬੋਲੀ ਮਾਰਨ ਤੇ ਉਸ ਨੂੰ ਮੁੜ ਜੰਗਲਾਂ ਦੇ ਰਾਹ ਪਾ ਦਿੱਤਾ। ਉਹ ਵਿਚਾਰੀ ਸਾਰੀ ਉਮਰ ਜੰਗਲਾਂ ਵਿਚ ਰਹਿ ਕੇ ਹੀ ਦਿਨ ਪੂਰੇ ਕਰ ਗਈ। ਇਸਲਾਮ ਧਰਮ ਵਿਚ ਔਰਤ ਨੂੰ ਮਸੀਤ ਅੰਦਰ ਦਾਖਲ ਹੋਣੋਂ ਰੋਕਿਆ। ਕੋਈ ਔਰਤ ਇਮਾਮ ਦੇ ਦਰਜੇ ਤੀਕਰ ਨਹੀਂ ਪਹੁੰਚ ਸਕਦੀ। ਕੋਈ ਔਰਤ 'ਜੱਜ' ਨਹੀਂ ਬਣ ਸਕਦੀ। ਖ਼ਾਵੰਦ ਦੀ ਮਰਜ਼ੀ ਤੋਂ ਬਗੈਰ ਤਲਾਕ ਨਹੀਂ ਲੈ ਸਕਦੀ। ਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਇਸਤ੍ਰੀ ਨੂੰ ਮਹਾਨ ਦਰਜਾ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੀ ਦੁਰਦਸ਼ਾ ਨੂੰ ਵੇਖ ਕੇ ਉਚਾਰਿਆ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥੨॥੧੯॥

ਮ: ੧, ਆਸਾ ਕੀ ਵਾਰ, ਪੰਨਾ ੪੭੩

ਸੋ ਗੁਰੂ ਨਾਨਕ ਦੇਵ ਜੀ ਦੀ ਇਸ ਦੇਣ ਸਦਕਾ ਔਰਤ ਨੂੰ ਆਪਣੀ ਅਹਿਮੀਅਤ ਦਾ ਅਹਿਸਾਸ ਹੋਇਆ ਤੇ ਸਮਾਜ ਵਿਚ ਮਰਦ ਦੇ ਬਰਾਬਰ ਖੜੀ ਹੋਈ।

"ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ" (੭੩੪) ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਤਨੀ ਸਿਫਤ ਕੀਤੀ ਜਾਵੇ, ਥੋੜੀ ਹੈ। ਏਸ ਅਸਗਾਹ ਸਮੁੰਦਰ ਵਿਚੋਂ ਅਨਿੰਨ ਮਛਲੀ ਨੂੰ ਕਿਣਕਾ ਮਾਤਰ ਮਿਲ ਜਾਵੇ ਤਾਂ ਮੁਕਤੀ-ਮਾਰਗ ਮਿਲ ਜਾਂਦਾ ਹੈ। 'ਜਨਮ ਜਨਮ ਕਾ ਵਿਛੁੜਿਆ' ਮਨੁਖ ਅਕਾਲਪੁਰਖ ਵਿਚ ਜਾ ਕੇ ਲੀਨ ਹੋ ਜਾਂਦਾ ਹੈ। ਇਹ "ਜੈਸੀ ਮੈ ਆਵੈ ਖਸਮ ਕੀ ਬਾਣੀ" ਅਨੁਸਾਰ ਕਾਇਆ ਕਲਪ ਕਰ ਦੇਣ ਵਾਲੀ ਅਕਾਲ ਪੁਰਖ ਦੀ ਬਾਣੀ ਹੈ।

ਰੂਸ ਵਰਗੇ ਅਨੇਕਾਂ ਕਮਿਊਨਿਸਟ ਤੇ ਅਮਰੀਕਾ ਵਰਗੇ ਸਾਮਰਾਜ ਦੇਸ਼ਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਲਥਾ ਕਰਾ ਕੇ, ਇਨ੍ਹਾਂ ਤੋਂ ਸੇਧ ਪ੍ਰਾਪਤ ਕੀਤੀ ਜਾ ਰਹੀ ਹੈ।

---

# ਭਾਃ ਸਾਃ ਭਾਈ ਰਣਧੀਰ ਸਿੰਘ ਜੀ ਪਾਠ-ਉਤਸ਼ਾਹਤ-ਸਕੀਮ

ਇਸ ਸਕੀਮ ਬਾਰੇ 'ਸੂਰਾ' ਪਰਚਾ ਵਿਚ ਪਹਿਲੋਂ ਇਤਲਾਹ ਦਿਤੀ ਜਾ ਚੁੱਕੀ ਹੈ। ੨੫ ਸਾਲ ਦੀ ਉਮਰ ਦੇ ਅੰਦਰ ਅੰਦਰ ਜੇਹੜੇ ਅੰਮ੍ਰਿਤਧਾਰੀ, ਰਹਿਤ ਬਹਿਤ ਵਿਚ ਪੂਰੇ, ਬੱਚੇ ਬੱਚੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਤੋਂ, ਇਕ ਘੰਟੇ ਵਿਚ ਘਟ ਤੋਂ ਘਟ ੩੦ ਪੰਨੇ ਪਾਠ ਕਰਨ ਦੀ ਯੋਗਤਾ ਰੱਖਦੇ ਹਨ, ਉਹ **ਭਾਈ ਬਲਬੀਰ ਸਿੰਘ ਜੀ, ੧੨੬ ਮਾਡਲ ਟਾਊਨ, ਲੁਧਿਆਣਾ ਦੇ ਪਤੇ ਤੇ ੩੦ ਨਵੰਬਰ ਤੱਕ ਆਪਣੀ ਦਰਖ਼ਾਸਤ ਭੇਜਣ ਦੀ ਕਿਰਪਾ ਕਰਨ।** ਯੋਗ ਬੱਚਿਆਂ ਨੂੰ ਪੋਹ ਸੁਦੀ ਸੱਤਵੀਂ ਦੇ ਸਮਾਗਮ ਤੇ ਸਨਮਾਨਤ ਕੀਤਾ ਜਾਏਗਾ।

ਉਨ੍ਹਾਂ ਦੀ ਦਰਖਾਸਤ ਵਿਚ ਹੇਠ ਲਿਖੀ ਇਤਲਾਹ ਦਿੱਤੀ ਜਾਣੀ ਜ਼ਰੂਰੀ ਹੈ :–

(੧) ਨਾਮ ... ... ... ... ... ... ... ... ... .. (੨) ਜਨਮ ਦੀ ਤਰੀਕ ... ... ... ... ... ......
(੩) ਪਿਤਾ ਦਾ ਨਾਮ ... ... ... ... ... ... ... ... ...
(੪) ਆਪਣਾ ਪੂਰਾ ਪਤਾ ... ... ... ... ... ... ... ... ... ...

ਦਰਖ਼ਾਸਤ ਵਾਲੇ ਬੱਚੇ/ਬੱਚੀ ਦੇ ਦਸਖ਼ਤ ... ... ... ...

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ



www.AKJ.Org

## ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥

ਸੋਰਠਿ ਮ: ੧, ਪੰਨਾ ੬੩੫

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ, "ਸ਼ਬਦ ਗੁਰੂ" ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਹਿਲਾ ਪ੍ਰਕਾਸ਼, ਭਾਦਰੋਂ ਸੁਦੀ ਏਕਮ ਸੰਮਤ ੧੬੬੫ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਵਿਖੇ ਕੀਤਾ। ਭਾਵੇਂ ਸਾਰਾ ਸੰਸਾਰ ਦਸੋਂ ਗੁਰੂ ਸਾਹਿਬਾਨ ਨਾਲ ਸੰਬੰਧਤ ਗੁਰਪੁਰਬ ਧੂਮ ਧਾਮ ਨਾਲ ਮਨਾਉਂਦਾ ਹੈ, ਪਰ ਦਸੋਂ ਗੁਰੂ ਸਾਹਿਬਾਨ ਦੀ ਜਾਗਦੀ ਜੋਤਿ "ਪ੍ਰਗਟ ਗੁਰਾਂ ਕੀ ਦੇਹ" "ਬਾਣੀ ਗੁਰੂ" ਦਾ ਪਹਿਲਾ ਪ੍ਰਕਾਸ਼ ਗੁਰਪੁਰਬ ਸਾਰੇ ਸਿਖ ਸੰਸਾਰ ਲਈ ਹੋਰ ਵੀ ਵਧੇਰੇ ਮਹੱਤਤਾ ਰਖਦਾ ਹੈ, ਕਿਉਂ ਕਿ ਇਹੋ ਹੀ ਹੁਣ ਸਾਡੇ 'ਜ਼ਾਹਰਾ ਜ਼ਹੂਰ', 'ਹਾਜ਼ਰਾ ਹਜ਼ੂਰ' ਸੱਚੇ ਗੁਰਦੇਵ ਹਨ ਅਤੇ 'ਜੁਗੋ ਜੁਗ ਅਟੱਲ' ਸਤਿਗੁਰੂ ਰਹਿਣਗੇ ਅਤੇ ਇਨ੍ਹਾਂ ਦੇ ਪਾਵਨ ਪਵਿਤਰ ਉਪਦੇਸ਼ ਪ੍ਰਾਣੀ ਮਾਤਰ ਤਕ ਪਹੁੰਚਾਣਾ ਹਰ ਗੁਰਸਿਖ ਦਾ ਮੁਖ ਫ਼ਰਜ਼ ਹੈ। ਸੋ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦਾ ਪ੍ਰਕਾਸ਼-ਉਤਸ਼ਵ ਗੁਰਪੁਰਬ ਦੁਨੀਆ ਭਰ ਵਿਚ ਇਤਨੇ ਚਾਉ ਉਮਾਹ ਅਤੇ ਧੂਮ ਧਾਮ ਨਾਲ ਸਭ ਥਾਈਂ ਮਨਾਉਣਾ ਲੋੜੀਦਾ ਹੈ ਕਿ ਦੁਨੀਆ ਭਰ ਦੀ ਲੁਕਾਈ ਐਸੀ ਪ੍ਰਭਾਵਤ ਹੋਵੇ ਕਿ ਹਰ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਚੇ ਸੁੱਚੇ ਸਿਧਾਂਤਾਂ ਨੂੰ ਪ੍ਰਾਪਤ ਕਰਨ ਲਈ ਖਿਚਿਆ ਆਵੇ।

ਅੱਜ ਸਾਰੇ ਸੰਸਾਰ ਵਿਚ ਮਾਇਆ ਤੇ ਪਦਾਰਥਵਾਦ ਦੀ ਜੋ ਅੱਗ ਲਗੀ ਹੋਈ ਹੈ, ਉਸ ਨੂੰ ਕੇਵਲ, ਤੇ ਕੇਵਲ "ਬਾਣੀ ਗੁਰੂ" ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸ਼ਾਂਤ ਕਰ ਸਕਦੇ ਹਨ। ਸਾਰੇ ਸੰਸਾਰ ਨੂੰ "ਬਾਣੀ ਗੁਰੂ" ਦੇ 'ਚਾਨਣ' ਦੀ ਅਤਿਅੰਤ ਲੋੜ ਹੈ ਅਤੇ ਇਸ ਪਿਛੋਕੜ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦਾ ਪ੍ਰਕਾਸ਼ ਉਤਸ਼ਵ ਬੜੇ ਸੁੰਦਰ ਤੇ ਸੁਚੱਜੇ ਢੰਗ ਨਾਲ ਥਾਉਂ ਥਾਈਂ ਮਨਾਉਣਾ ਬਹੁਤ ਹੀ ਜ਼ਰੂਰੀ ਹੈ। ਸਹੀ ਅਰਥਾਂ ਵਿਚ ਇਸ "ਚਾਨਣ" ਦੇ ਖੁਲ੍ਹੇ ਗਫੇ ਵਰਤਾਉਣ ਨਾਲ ਹੀ ਵਿਸ਼ਵ ਭਰ ਵਿਚ ਸੁਖ ਤੇ ਸ਼ਾਂਤੀ ਕਾਇਮ ਹੋ ਸਕਦੀ ਹੈ। ਹੋਰ ਸਾਰੇ ਜਤਨ ਫ਼ਜ਼ੂਲ ਅਤੇ ਬਿਰਥੇ ਹਨ।

ਅਖੰਡ ਕੀਰਤਨੀ ਜਥਿਆਂ ਵਲੋਂ **ਇਹ ਗੁਰਪੁਰਬ ਚੰਡੀਗੜ੍ਹ ਗੁਰਦੁਆਰਾ ਸਾਹਿਬ ਸੈਕਟਰ ੧੯-ਬੀ ਵਿਖੇ ੮ ਸਤੰਬਰ ਵੀਰਵਾਰ ਸਵੇਰੇ ਤੋਂ ੧੧ ਸਤੰਬਰ ਐਤਵਾਰ ਸਵੇਰ ਤਕ ਮਨਾਏ ਜਾ ਰਹੇ ਹਨ।** ਵੇਰਵੇ ਸਹਿਤ ਪ੍ਰੋਗਰਾਮ ਅਗਸਤ ੮੩ ਦੇ 'ਸੂਰਾ' ਵਿਚ ਦਿਤਾ ਗਿਆ ਹੈ। ੯ ਸਤੰਬਰ ਸ਼ਾਮ ਦਾ ਪ੍ਰੋਗਰਾਮ ਅਤੇ ਰਿਹਾਇਸ਼ ਅਸਥਾਨ ਰਾਮਗੜ੍ਹੀਆ ਭਵਨ ਸੈਕਟਰ ੨੭ ਵਿਖੇ ਹੋਵੇਗਾ।

**ਪੁਛ ਗਿਛ ਲਈ ਭਾਈ ਅਮਰਜੀਤ ਸਿੰਘ,੨੫੧੮, ਸੈਕਟਰ ੨੨–ਬੀ ਚੰਡੀਗੜ੍ਹ ਨਾਲ ਚਿਠੀ ਪੱਤਰ ਕਰੋ।**

---

**ਲੇਖਕ ਸਜਣ**—ਆਪਣੇਂ ਲੇਖ, ਸਫ਼ੇ ਦੇ ਇਕ ਪਾਸੇ ਹਾਸ਼ੀਆ ਛਡ ਕੇ ਲਿਖ ਕੇ ਭੇਜਣ। ਲੇਖ ਵਿਚ ਗੁਰਬਾਣੀ ਦੀਆਂ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੋਧ ਕੇ ਪੰਨੇ ਨਾਲ ਲਿਖ ਦਿਤੇ ਜਾਣ। ਜਿਹੜੇ ਲੇਖ ਸਾਫ਼ ਸੁਥਰੇ ਤੇ ਸੰਖੇਪ ਨਹੀਂ ਲਿਖੇ ਜਾਂਦੇ, ਅਤੇ ਸੁਧਾਈ ਕਰ ਕੇ ਨਹੀਂ ਭੇਜੇ ਜਾਂਦੇ, ਉਨ੍ਹਾਂ ਉਤੇ ਜੇ ਅਸੀਂ ਵੀਚਾਰ ਨਹੀਂ ਕਰ ਸਕਦੇ ਤਾਂ ਸਾਡੀ ਮਜਬੂਰੀ ਹੁੰਦੀ ਹੈ।

**ਪਾਠਕਾਂ ਪਾਸ ਬੇਨਤੀਆਂ :—** (੧) ਚਿਠੀ ਪੱਤਰ ਤੇ ਰਕਮ ਭੇਜਣ ਦੇ ਨਾਲ ਆਪਣਾ ਚਿਟ ਨੰਬਰ ਜ਼ਰੂਰ ਭੇਜੋ। ਹਰ ਮਹੀਨੇ ਤੁਹਾਡੇ ਐਡਰੈਸ ਤੋਂ ਪਹਿਲਾਂ ਪਰਚੇ ਉਪਰ ਤੁਹਾਡਾ ਚਿਟ ਨੰਬਰ ਲਿਖਿਆ ਹੁੰਦਾ ਹੈ।

(੨) ਡਾਕਖਾਨੇ ਰਾਹੀਂ ਕਈ ਪਰਚੇ ਗੁੰਮ ਕਰ ਲਏ ਜਾਂਦੇ ਹਨ। ੧੫ ਤਰੀਕ ਤੱਕ ਪਰਚਾ ਨਾ ਪੁਜਣ ਦੀ ਹਾਲਤ ਵਿਚ ਸਾਨੂੰ ਕਾਰਡ ਲਿਖੋ, ਦੁਬਾਰਾ ਪਰਚਾ ਭੇਜ ਦਿਆਂਗੇ।

(੩) ਚੰਦਾ ਮੁਕਣ ਦੀ ਮੋਹਰ ਪਰਚੇ ਉਪਰ ਵੇਖਣ ਸਾਰ ਹੀ ਰਕਮ ਭੇਜੋ ਜੀ, ਨਹੀਂ ਤਾਂ ਕਟ ਵਧ ਕਰਨੀ ਪੈਂਦੀ ਹੈ।

(੪) ਰਿਸ਼ਤੇ-ਨਾਤਿਆਂ ਦੇ ਫਾਰਮ ਮੰਗਾਣ ਲਈ ਲਫਾਫਾ ਪੰਜਾਹ ਪੈਸੇ ਵਾਲਾ ਨਾਲ ਭੇਜੋ ਜੀ।



www.AKJ.Org

# ਦਸਾਂ ਸਤਿਗੁਰਾਂ ਦੀ ਜੋਤ

[ਸ: ਦਾਨ ਸਿੰਘ ਜੀ ਕੋਮਲ, ਕੋਮਲ ਸਰਜੀਕਲ ਹੋਮ, ਪੱਟੀ]

ਅਬਚਲ ਨਗਰ ਨਾਂਦੇੜ੍ਹੋਂ ਗੁਰੂ ਦਸਵੇਂ,
ਕਰਨ ਲੱਗੇ ਜਦੋਂ ਸੱਚਖੰਡ ਨੂੰ ਪਿਆਨਾ ਏ।
ਸੰਗਤਾਂ ਨੂੰ ਕਹਿਣ ਲੱਗੇ, ਖਾਲਸਾ ਜੀ, ਸੁਣ ਲਵੋ,
ਹੁਣ ਮੈਂ ਤੁਹਾਥੋਂ ਹੋਣਾ, ਸਦਾ ਲਈ ਰਵਾਨਾ ਏ।
ਨੀਂਹ ਜਿਸ ਧਰਮ ਦੀ ਸੀ ਰੱਖੀ ਗੁਰੂ ਨਾਨਕ ਨੇ,
ਪੂਰਾ ਉਹਦਾ ਹੋਇਆ, ਹਰ ਪੱਖ ਤੋਂ ਨਿਸ਼ਾਨਾ ਏ।
ਏਸ ਲਈ ਮੈਂ ਗੁਰ-ਗੱਦੀ ਦੇ ਰਿਹਾਂ ਗ੍ਰੰਥ ਜੀ ਨੂੰ,
ਮੱਥਾ ਤੁਸਾਂ ਏਸੇ ਨੂੰ ਹੀ ਟੇਕਣਾ ਰੋਜ਼ਾਨਾ ਏ।
ਦੇਹ-ਧਾਰੀ ਗੁਰੂ ਦੀ ਪਰੰਪਰਾ ਮੈਂ ਬੰਦ ਕੀਤੀ,
ਅੱਜ ਤੋਂ ਇਹ ਗੁਰੂ, ਏਸੇ ਤਾਰਨਾ ਜ਼ਮਾਨਾ ਏ।
ਇਹੋ ਗੁਰੂ ਗ੍ਰੰਥ ਜੀ, ਅਟੱਲ ਯੁੱਗੋ ਯੁੱਗ ਹੈ,
ਸਤਿਗੁਰਾਂ ਦੀ ਜੋਤਿ ਅਤੇ ਬਾਣੀ ਦਾ ਖਜ਼ਾਨਾ ਏ।੧।

ਏਸ ਸ੍ਰੀ ਗੁਰੂ ਗ੍ਰੰਥ ਦੇ ਅਮੋਲਕ ਨੇ ਪਤਰੇ,
ਪੱਤਰ ਪੱਤਰ ਵਿਚ ਰੱਬੀ-ਜੋਤਿ ਦਾ ਪਸਾਰ ਏ।
ਇਹਦੇ ਕਾਲੇ ਅੱਖਰਾਂ 'ਚ ਸੂਰਜਾਂ ਦਾ ਚਾਨਣੈ,
ਸਤਰ ਸਤਰ ਇਹਦੀ ਨੂਰੀ-ਸੋਮੇ ਦੀ ਕਤਾਰ ਏ।
ਤੁਕਾਂ, ਲਗਾਂ, ਮਾਤਰਾਂ ਨੇ, ਮੋਤੀ, ਲਾਲ, ਹੀਰੇ, ਪੰਨੇ,
ਇਕ ਇਕ ਸ਼ਬਦ, ਸੁੱਚਾ ਰਤਨ ਤੇ ਜਵਾਹਰ ਏ।
ਵਾਕਾਂ ਵਿਚ ਕਾਵਿ ਹੈ, ਕਲਾ ਹੈ, ਰਾਗ ਹੈ,
ਜ਼ਿੰਦਗੀ, ਸੰਦੇਸ਼ ਉਪਦੇਸ਼, ਚਮਤਕਾਰ ਏ।
ਲੀਲ੍ਹਾ ਹੈ ਬੇਅੰਤ ਇਹਦੀ, ਕਥਾ ਹੈ ਅਕੱਥ ਇਹਦੀ,
ਹਰ ਇਕ ਰਸਨਾ 'ਚੋਂ ਗੂੰਜਦਾ ਤਰਾਨਾ ਏ।
ਸਰਬ ਕਲਾ ਪੂਰਨ, ਸਮਰੱਥ ਏਹੋ ਗੁਰੂ ਏ,
ਸਤਿਗੁਰਾਂ ਦੀ ਜੋਤਿ ਅਤੇ ਬਾਣੀ ਦਾ ਖ਼ਜ਼ਾਨਾ ਏ।੨।

ਬੀੜ ਹੈ ਗ੍ਰੰਥ ਦੀ, ਸਤਿਗੁਰਾਂ ਦੀ ਦੇਹ ਹੈ,
ਸ਼ਬਦਾਂ ਦੇ ਰੂਪ ਵਿਚ ਬਾਣੀ ਦਾ ਭੰਡਾਰ ਏ।
ਗੁਰੂ ਤੇ ਗ੍ਰੰਥ ਇੰਜ ਆਪੋ ਵਿਚ ਘੁਲੇ ਮਿਲੇ,
ਗੰਗਾ ਨਦੀ ਵਿਚ ਜਿਵੇਂ ਜਮਨਾ ਦੀ ਧਾਰ ਏ।
ਜੋਤਿ ਏ, ਸਰੂਪ ਏ, ਜੀਵਨ ਏ, ਮੁਕਤ ਏ,
ਸ਼ਕਤ ਏ, ਗਿਆਨ ਏ, ਅਨੰਦ ਏ ਪਿਆਰ ਏ।
ਰਚਨਾ ਇਹ ਗੁਰੂ ਏ, ਗੁਰੂ ਏਹੋ ਬਾਣੀ ਏ,
ਬਾਣੀ ਇਹ ਗ੍ਰੰਥ ਏ, ਗ੍ਰੰਥ ਅਵਤਾਰ ਏ।
ਰੋਜ਼ ਰੋਜ਼ ਇਹਦੀ ਬਾਣੀ ਪੜ੍ਹਨ ਸੁਣਨ ਵਾਲਿਓ,
ਜਿਹੜਾ ਜਿਹੜਾ ਸਮਝ ਲਵੇ, ਓਹੋ ਸਿੱਖ ਦਾਨਾ ਏ।
ਜ਼ਾਹਰਾ ਜ਼ਹੂਰ ਏਹੋ, ਹਾਜ਼ਰਾ ਹਜ਼ੂਰ ਏਹੋ,
ਸਤਿਗੁਰਾਂ ਦੀ ਜੋਤਿ ਅਤੇ ਬਾਣੀ ਦਾ ਖਜ਼ਾਨਾ ਏ।੩।

ਸਤਿਗੁਰਾਂ ਦਾ ਰੂਪ ਇਹ, ਗ੍ਰੰਥ ਹੀ ਅਨੂਪ ਏ,
ਭਗਤਾਂ ਦੇ ਵਾਕ ਨੇ, ਰਤਨਾਂ ਦੀ ਖਾਣੀ ਏ।
ਤਦੇ ਇਹਦੀ ਕਾਵਿ-ਕਲਾ ਸੱਚੀ ਏ, ਸੁੱਚੀ ਏ,
ਉੱਚੀ ਏ, ਮਿੱਠੀ ਏ, ਨਿੱਘੀ ਮਨ-ਭਾਣੀ ਏ।
ਦੱਸੇ ਗੁਰੂ ਇੰਜ ਨੇ, ਗ੍ਰੰਥ ਵਿਚ ਇਕ-ਮਿਕ,
ਜੋਤੀ ਵਿਚ ਜੋਤਿ ਜਿਉਂ, ਪਾਣੀ ਵਿਚ ਪਾਣੀ ਏ।
ਸ਼ਬਦਾਂ 'ਚ ਬਚਨ ਏ, ਬਚਨਾਂ 'ਚ ਬਾਣੀ ਏ,
ਬਾਣੀ ਵਿਚ ਗੁਰੂ ਏ ਤੇ ਗੁਰੂ ਵਿਚ ਬਾਣੀ ਏ।
ਬਾਣੀ ਦਿਆਂ ਬਾਣਾਂ ਜ੍ਹਿਨੂੰ ਮਾਰਿਆ ਨਿਸ਼ਾਨਾ ਏ,
ਉਹੋ ਭਾਗਵਾਨ ਇਹਦਾ ਹੋ ਗਿਆ ਦੀਵਾਨਾ ਏ।
ਓਹੋ ਫਿਰ ਆਖਦਾ ਏ, ਧੰਨ ਧੰਨ ਗੁਰੂ ਗ੍ਰੰਥ,
ਸਤਿਗੁਰਾਂ ਦੀ ਜੋਤਿ ਅਤੇ ਬਾਣੀ ਦਾ ਖਜ਼ਾਨਾ ਏ।੪।

ਖੋਲ੍ਹ ਖੋਲ੍ਹ ਵੇਖੋ ਪਿਉ ਦਾਦੇ ਦਾ ਖ਼ਜ਼ਾਨਾ ਇਹ,
ਧਰਮਾਂ ਦੇ ਤੱਤ ਤੇ ਗਿਆਨ ਇਹਦੇ ਵਿਚ ਨੇ।
ਫੋਲ ਫੋਲ ਵੇਖੋ ਬ੍ਰਹਿਮੰਡ, ਖੰਡ, ਦੀਪ, ਲੋਅ,
ਪ੍ਰਿਥਵੀ, ਪਾਤਾਲ, ਅਸਮਾਨ ਇਹਦੇ ਵਿਚ ਨੇ।
ਬੋਲ ਬੋਲ ਬ੍ਰਹਮਾ ਅਤੇ ਵਿਸ਼ਨੂੰ ਮਹੇਸ਼ ਕਹਿਣ,
ਸ਼ਕਤੀਆਂ ਤੇ ਬਰਕਤਾਂ ਮਹਾਨ ਇਹਦੇ ਵਿਚ ਨੇ।
ਕੋਲ ਕੋਲ ਹੋ ਕੇ ਵੇਖੋ ਅੰਦਰ ਵਾਲੀ ਅੱਖ ਨਾਲ,
ਬੈਠੇ ਪ੍ਰਤੱਖ ਭਗਵਾਨ ਇਹਦੇ ਵਿਚ ਨੇ।
ਸਦਨਾ, ਕਬੀਰ, ਸੈਣ, ਰਵਿਦਾਸ, ਰਾਮਾਨੰਦ,
ਧੰਨਾ ਤੇ ਫਰੀਦ ਏਥੇ ਕੋਈ ਨਾ ਬੇਗਾਨਾ ਏ,
ਸਾਰੇ ਸੰਸਾਰ ਦਾ ਏ, ਸਾਂਝਾ ਗੁਰੂ ਗ੍ਰੰਥ ਸਾਹਿਬ,
ਸਤਿਗੁਰਾਂ ਦੀ ਜੋਤਿ ਅਤੇ ਬਾਣੀ ਦਾ ਖਜ਼ਾਨਾ ਏ।੫।

ਆਓ ਏਸ ਗੁਰੂ ਨਾਲ ਕਰਨੀਆਂ ਜੇ ਗੱਲਾਂ ਤੁਸਾਂ,
ਕਰਨਾ ਜੇ ਤੁਸਾਂ ਦਸਾਂ ਗੁਰਾਂ ਦਾ ਦੀਦਾਰ ਏ।
ਪਾਠ ਕਰੋ ਚਿੱਤ ਲਾ ਕੇ, ਮਨਾਂ ਚਿ ਵਸਾਓ ਬਾਣੀ,
ਮੰਗ ਲੋ ਜੋ ਮੰਗਣਾ, ਇਹ ਆਪ ਦਾਤਾਰ ਏ।
ਰੇਡੀਓ ਤੋਂ ਸੁਣਦੇ ਓ, ਟੈਲੀਵੀਯਨ ਵੇਖਦੇ ਓ,
ਰੋਜ਼ ਰੋਜ਼ ਹੋ ਰਿਹਾ ਜੋ ਵਿਚ ਸੰਸਾਰ ਏ।
ਪਰ ਕਿਤੇ ਵੇਖੋ ਸੁਣੋ ਏਸ ਗੁਰੂ ਗ੍ਰੰਥ ਵਿਚੋਂ,
ਨਜ਼ਰ ਆਉਂਦਾ ਸੱਚਖੰਡ ਵਿਚ ਨਿਰੰਕਾਰ ਏ
ਏਸ ਅਮਰ ਗੁਰੂ ਤੋਂ ਹੀ, ਬਾਣੀ ਵਾਲੀ ਰਾਸ ਲੈ ਕੇ
ਕੁਝ ਭੇਖੀ ਗੁਰੂਆਂ ਨੇ ਖੋਲ੍ਹੀਆਂ ਦੁਕਾਨਾਂ ਏ,
ਪਰ ਗੁਰੂ ਗ੍ਰੰਥ ਹੈ ਜਹਾਜ਼ ਕਲਿਯੁਗ ਦਾ,
ਸਤਿਗੁਰਾਂ ਦੀ ਜੋਤਿ ਅਤੇ ਬਾਣੀ ਦਾ ਖਜ਼ਾਨਾ ਏਂ।੬।

www.AKJ.Org

# ਸਚਹੁ ਓਰੈ ਸਭੁ ਕੋ

[ਵਲੋਂ—ਪ੍ਰਿੰਸੀਪਲ ਗੁਰਮੁਖ ਸਿੰਘ ਜੀ]

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥**

ਸਿਰੀ ਰਾਗ ਮ: ੧, ਪੰਨਾ ੬੨

ਇਸ ਪੰਗਤੀ ਦਾ ਅੰਗਰੇਜ਼ੀ ਭਾਸ਼ਾ ਵਿਚ ਖੁਲ੍ਹਾ ਅਨੁਵਾਦ ਕਈ ਵੇਰ ਦੇਖਣ ਸੁਣਨ ਵਿਚ ਆਉਂਦਾ ਹੈ—

Truth is higher, but higher still is truthfull living.

ਇਹ ਅਨੁਵਾਦ ਪਛਮੀ ਵਿਦਿਆ ਤੋਂ ਪ੍ਰਭਾਵਿਤ ਵਿਦਵਾਨਾਂ ਨੇ ਕੀਤਾ ਹੈ ਅਤੇ ਇਸ ਅਨੁਵਾਦ ਤੋਂ ਉਹਨਾਂ ਦਾ ਭਾਵ ਇਹ ਹੈ ਕਿ ਸੱਚ ਸਾਰਿਆਂ ਨਾਲੋਂ ਉਚਾ ਹੈ, ਪਰ ਸੱਚ ਤੋਂ ਭੀ ਜੇ ਕੋਈ ਉਚਾ ਹੋ ਸਕਦਾ ਹੈ ਤਾਂ ਉਹ ਹੈ ਸੱਚਾ ਜੀਵਨ। ਸੱਚੇ ਜੀਵਨ ਦਾ ਭਾਵ ਉਹਨਾਂ ਦੀ ਵਿਆਖਿਆ ਅਨੁਸਾਰ ਸਦਾਚਾਰੀ ਜੀਵਨ ਹੀ ਹੀ ਉਚਾ ਹੁੰਦਾ ਹੈ।

ਪਰ ਇਹ ਅਰਥ ਸੁਣ ਕੇ ਜਾਂ ਪੜ੍ਹ ਕੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੋ ਵਾਹਿਗੁਰੂ ਜੀ ਇਸ ਨਾਸ਼ਵਾਨ ਸੰਸਾਰ ਦੀ ਹਰ ਵਸਤੂ ਨਾਲੋਂ ਉਪਰ ਹਨ, ਕੀ ਇਹਨਾਂ ਤੋਂ ਭੀ ਉਪਰ ਕੋਈ ਚੀਜ਼ ਹੋ ਸਕਦੀ ਹੈ ? ਜੇ ਹੋ ਸਕਦੀ ਹੈ ਤਾਂ ਵਾਹਿਗੁਰੂ ਜੀ ਦੀ ਵੱਡੀ ਵਡਿਆਈ ਕਿਵੇਂ ਬਣੀ ਰਹਿ ਸਕੇਗੀ ? ਇਹ ਤਾਂ ਕਬੀਰ ਸਾਹਿਬ ਦੇ ਉਸ ਸ਼ੰਕੇ ਵਾਂਗ ਹੋਇਆ :—

ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥੨॥੪੨॥

ਗਉੜੀ ਕਬੀਰ ਜੀ, ੩੩੧

ਕਬੀਰ ਸਾਹਿਬ ਨੇ ਤਾਂ ਇਹ ਨਿਰਨਾ ਦੇ ਦਿਤਾ ਕਿ ਬ੍ਰਹਮਾ ਨੂੰ ਪੈਦਾ ਕਰਨ ਵਾਲਾ ਵੱਡਾ ਹੈ, ਬ੍ਰਹਮਾ ਵੱਡਾ ਨਹੀਂ। ਇਵੇਂ ਹੀ ਵੇਦ ਵੱਡੇ ਨਹੀਂ, ਸਗੋਂ ਜਿਸ ਨੇ ਵੇਦ ਰਚੇ ਹਨ ਉਹੀ ਵੱਡਾ ਹੈ। ਕੁਦਰਤੀ ਗੱਲ ਹੈ ਵਾਹਿਗੁਰੂ ਜੀ ਦੀ ਸੱਚੀ ਸ੍ਰਿਸ਼ਟੀ ਵਿਚ ਰਚਨਹਾਰ ਤੋਂ ਰਚਨਾ ਵੱਡੀ ਕਿਵੇਂ ਹੋ ਸਕਦੀ ਹੈ ?

ਫ਼ਿਲਾਸਫ਼ਰਾਂ ਦੀ ਇਕ ਮੰਡਲੀ ਆਪੋ ਵਿਚ ਦਲੀਲ-ਬਾਜ਼ੀ ਕਰ ਰਹੀ ਸੀ। ਇਕ ਨੇ ਕਿਹਾ ਕਿ ਇਹ ਗੱਲ ਤਾਂ ਸਾਰੇ ਹੀ ਪਰਵਾਨ ਕਰਦੇ ਹਨ ਕਿ ਰੱਬ ਸਰਬ-ਸ਼ਕਤੀਮਾਨ ਹੈ, ਅਤੇ ਉਹ ਜੋ ਚਾਹੇ, ਉਤਪੰਨ ਕਰ ਸਕਦਾ ਹੈ। ਸਭ ਨੇ ਸਹਿਮਤੀ ਪਰਗਟ ਕੀਤੀ। ਫਿਰ ਉਸ ਨੇ ਦੂਜਾ ਸਵਾਲ ਇਹ ਸਾਹਮਣੇ ਰਖਿਆ ਕਿ ਕੀ ਰੱਬ ਅਜਿਹੀ ਕੋਈ ਚੀਜ਼ ਭੀ ਬਣਾ ਸਕਦਾ ਹੈ ਜੋ ਉਸ ਨਾਲੋਂ ਭੀ ਵੱਡੀ ਹੋਵੇ ? ਉਤਰ 'ਹਾਂ' ਵਿਚ ਦਿਤਾ ਗਿਆ। ਪਰ ਇਸ ਗੱਲ ਤੇ ਡੂੰਘੀ ਬਹਿਸ ਛਿੜ ਪਈ ਕਿ ਜੇ ਰੱਬ ਆਪਣੇ ਨਾਲੋਂ ਭੀ ਜ਼ਿਆਦਾ ਸਰਬ ਸ਼ਕਤੀ-ਮਾਨ ਚੀਜ਼ ਨੂੰ ਪੈਦਾ ਕਰ ਲਵੇ ਤਾਂ ਉਹ ਰੱਬ ਨਹੀਂ ਰਹਿ ਸਕਦਾ। ਨਵੀਂ ਬਣਾਈ ਗਈ ਚੀਜ਼ ਹੀ ਰੱਬ ਨਾਲੋਂ ਜ਼ਿਆਦਾ ਤਾਕਤਵਰ ਹੋਵੇਗੀ। ਆਖਰ ਇਹ ਫ਼ੈਸਲਾ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਕਿ ਭਾਵੇਂ ਰੱਬ ਵਿਚ ਅਜਿਹਾ ਕਰਨ ਦੀ ਸਮਰੱਥਾ ਜ਼ਰੂਰ ਹੈ, ਪਰ ਉਹ ਅਜਿਹਾ ਨਹੀਂ ਕਰੇਗਾ ਅਤੇ ਨਾ ਹੀ ਅਜਿਹਾ ਕਰਨਾ ਸੰਸਾਰ ਦੇ ਹਿਤ ਵਿਚ ਹੋਵੇਗਾ, ਕਿਉਂਕਿ ਪਤਾ ਨਹੀਂ ਰੱਬ ਦੁਆਰਾ ਰਚਿਆ ਨਵਾਂ ਰੱਬ ਉੱਨਾ ਦਇਆਲੂ ਨਾ ਹੋਵੇ। ਇਉਂ ਫਿਲਾਸਫਰਾਂ ਦੀ ਫੋਕੀ ਦੁਨੀਆ ਵਿਚ ਰੱਬ ਲਈ ਭੀ ਕੋਈ ਨਾ ਕੋਈ ਵਰਤੋਂ ਵਿਹਾਰ ਦੇ ਮਾਪ ਨਿਸਚਿਤ ਕੀਤੇ ਗਏ ਹਨ।

"ਸਚਹੁ ਓਰੈ ਸਭੁ ਕੋ" ਦੀ ਜੋ ਵਿਆਖਿਆ ਪਛਮੀ ਵਿਦਿਆ ਦੀ ਲੋਅ ਵਿਚ ਕੀਤੀ ਗਈ ਹੈ, ਉਹ ਉਪਰੋਕਤ ਫ਼ਿਲਾਸਫ਼ਰਾਂ ਦੀ ਹਾਸ-ਮੰਡਲੀ ਵਲੋਂ ਘੜੇ ਗਏ ਵਰਤੋਂ-ਵਿਹਾਰ ਦੇ ਰੱਬ ਲਈ ਨਾਰਮਜ਼ ਦੇ ਅਨੁਕੂਲ ਨਹੀਂ ਬੈਠਦੀ। ਉਹ ਸੱਚ ਜਾਂ ਰੱਬ ਹੀ ਕੀ ਹੋਇਆ ਜੇ ਉਸ ਨਾਲੋਂ ਸੱਚ-ਆਚਾਰ ਵਾਲਾ ਵਿਅਕਤੀ ਉਚਾ ਹੋ ਗਿਆ ? ਅਤੇ ਇੰਜ ਜੇ ਬਹਿਸ ਕਰਨ ਲਈ ਮੰਨ ਭੀ ਲਿਆ ਜਾਵੇ ਤਾਂ ਸੰਸਾਰ ਭਰ ਦੇ ਕਿਤਨੇ ਹੀ



www.AKJ.Org

ਸਦਾਚਾਰੀ ਬੰਦੇ ਰੱਬ ਨਾਲੋਂ ਉਚੇ ਹੋ ਜਾਣਗੇ। ਫਿਰ ਰੱਬ ਦੀ ਰੱਬੀਅਤ ਦਾ ਕੀ ਬਣੇਗਾ ?

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਸ਼ਬਦ ਸਿਰੀ ਰਾਗ ਮਹਲਾ ੧ ਪੰਨਾ ੬੨, ਦੇ ਸਮੁਚੇ ਭਾਵ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਅਤੇ ਪਛਮੀ ਤਾਲੀਮ ਦੇ ਅਸਰ ਹੇਠ ਮਨੁਖਵਾਦ ਤੇ ਸਦਾਚਾਰਵਾਦ ਨੂੰ ਆਤਮਵਾਦ ਤੇ ਤਰਜੀਹ ਦੇਣ ਦਾ ਜਤਨ ਕੀਤਾ ਗਿਆ ਹੈ, ਜੋ ਸਰਾਸਰ ਗਲਤ-ਬਿਆਨੀ ਹੈ ਅਤੇ ਬਾਣੀ ਦੇ ਸ਼ਰਧਾਵਾਨ ਪਾਠਕਾਂ ਵਿਚ ਕਈ ਸ਼ੰਕੇ ਤੇ ਉਲਝਣਾਂ ਪੈਦਾ ਕਰਨ ਦਾ ਜਤਨ ਹੈ। ਪਾਠਕਾਂ ਦੀ ਸਹੂਲਤ ਲਈ ਪੂਰਾ ਸ਼ਬਦ ਹੇਠਾਂ ਦਿੱਤਾ ਜਾਂਦਾ ਹੈ :

### ਸਿਰੀਰਾਗੁ ਮਹਲਾ ੧

੧. ਰਾਮਨਾਮਿ ਮਨੁ ਬੇਧਿਆ, ਅਵਰੁ ਕਿ ਕਰੀ ਵੀਚਾਰੁ ॥
੨. ਸਬਦ ਸੁਰਤਿ ਸੁਖੁ ਊਪਜੈ, ਪ੍ਰਭ ਰਾਤਉ ਸੁਖ ਸਾਰੁ ॥
੩. ਜਿਉ ਭਾਵੈ ਤਿਉ ਰਾਖੁ ਤੂੰ, ਮੈ ਹਰਿਨਾਮੁ ਅਧਾਰੁ ॥੧॥
੪. ਮਨ ਰੇ ਸਾਚੀ ਖਸਮ ਰਜਾਇ ॥
੫. ਜਿਨਿ ਤਨੁ ਮਨੁ ਸਾਜਿ ਸੀਗਾਰਿਆ, ਤਿਸੁ ਸੇਤੀ ਲਿਵ ਲਾਇ ॥੧॥ਰਹਾਉ॥
੬. ਤਨੁ ਬੈਸੰਤਰਿ ਹੋਮੀਐ, ਇਕ ਰਤੀ ਤੋਲਿ ਕਟਾਇ ॥
੭. ਤਨੁ ਮਨੁ ਸਮਧਾ ਜੇ ਕਰੀ, ਅਨਦਿਨੁ ਅਗਨਿ ਜਲਾਇ ॥
੮. ਹਰਿਨਾਮੈ ਤੁਲਿ ਨ ਪੁਜਈ, ਜੇ ਲਖ ਕੋਟੀ ਕਰਮ ਕਮਾਇ ॥੨॥
੯. ਅਰਧ ਸਰੀਰੁ ਕਟਾਈਐ, ਸਿਰਿ ਕਰਵਤੁ ਧਰਾਇ ॥
੧੦, ਤਨੁ ਹੈਮੰਚਲਿ ਗਾਲੀਐ, ਭੀ ਮਨ ਤੇ ਰੋਗੁ ਨ ਜਾਇ ॥
੧੧, ਹਰਿਨਾਮੈ ਤੁਲਿ ਨ ਪੁਜਈ, ਸਭ ਡਿਠੀ ਠੋਕਿ ਵਜਾਇ ॥੩॥
੧੨. ਕੰਚਨ ਕੇ ਕੋਟ ਦਤੁ ਕਰੀ, ਬਹੁ ਹੈਵਰ ਗੈਵਰ ਦਾਨੁ ॥
੧੩, ਭੂਮਿ ਦਾਨੁ ਗਊਆ ਘਣੀ, ਭੀ ਅੰਤਰਿ ਗਰਬੁ ਗੁਮਾਨੁ ॥
੧੪. ਰਾਮਨਾਮਿ ਮਨੁ ਬੇਧਿਆ, ਗੁਰਿ ਦੀਆ ਸਚੁ ਦਾਨੁ ॥੪॥
੧੫. ਮਨ ਹਠ ਬੁਧੀ ਕੇਤੀਆ, ਕੇਤੇ ਬੇਦ ਬੀਚਾਰ ॥
੧੬. ਕੇਤੇ ਬੰਧਨ ਜੀਅ ਕੇ, ਗੁਰਮੁਖਿ ਮੋਖ ਦੁਆਰ ॥
੧੭. ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥੫॥
੧੮. ਸਭੁ ਕੋ ਊਚਾ ਆਖੀਐ, ਨੀਚੁ ਨ ਦੀਸੈ ਕੋਇ ॥
੧੯. ਇਕਨੈ ਭਾਂਡੇ ਸਾਜਿਐ, ਇਕੁ ਚਾਨਣੁ ਤਿਹੁ ਲੋਇ ॥
੨੦. ਕਰਮਿ ਮਿਲੈ ਸਚੁ ਪਾਈਐ, ਧੁਰਿ ਬਖਸ ਨ ਮੇਟੈ ਕੋਇ ॥੬॥
੨੧. ਸਾਧੁ ਮਿਲੈ ਸਾਧੂ ਜਨੈ, ਸੰਤੋਖੁ ਵਸੈ ਗੁਰ ਭਾਇ ॥
੨੨. ਅਕਥ ਕਥਾ ਵੀਚਾਰੀਐ, ਜੇ ਸਤਿਗੁਰ ਮਾਹਿ ਸਮਾਇ ॥
੨੩. ਪੀ ਅੰਮ੍ਰਿਤੁ ਸੰਤੋਖਿਆ, ਦਰਗਹਿ ਪੈਧਾ ਜਾਇ ॥੭॥
੨੪. ਘਟਿ ਘਟਿ ਵਾਜੈ ਕਿੰਗੁਰੀ, ਅਨਦਿਨੁ ਸਬਦਿ ਸੁਭਾਇ ॥
੨੫. ਵਿਰਲੇ ਕਉ ਸੋਝੀ ਪਈ, ਗੁਰਮੁਖਿ ਮਨੁ ਸਮਝਾਇ ॥
੨੬. ਨਾਨਕ ਨਾਮੁ ਨ ਵੀਸਰੈ, ਛੂਟੈ ਸਬਦੁ ਕਮਾਇ ॥੮॥੧੪॥

ਸਿਰੀ ਰਾਗ ਮ: ੧, ਪੰਨਾ ੬੨



www.AKJ.Org

ਸਾਹਿਬਾਂ ਦਾ ਕਹਿਣ ਦਾ ਆਪਣਾ ਅੰਦਾਜ਼ ਹੈ। ਰਹਾਉ ਦੀਆਂ ਪੰਗਤੀਆਂ ਸ਼ਬਦ ਦੀ ਟੇਕ ਹਨ। ਜਿਸ ਵਿਚ ਵਾਹਿਗੁਰੂ ਜੀ ਨਾਲ ਲਿਵ ਲਾਉਣ ਦਾ ਪ੍ਰਮੁਖ ਉਪਦੇਸ਼ ਦ੍ਰਿੜ੍ਹ ਕਰਾਇਆ ਗਿਆ ਹੈ ਅਤੇ ਕੇਵਲ ਉਸਨੂੰ ਹੀ ਲਿਵ ਲਾਵਣ ਜੋਗ ਸਰਬ ਸ੍ਰੇਸ਼ਟ ਮੰਨਿਆ ਗਿਆ ਹੈ ਅਤੇ ਉਸ ਦੀ ਰਜ਼ਾ ਵਿਚ ਸਦਾ ਰਾਜ਼ੀ ਰਹਿਣ ਵਾਲੇ ਨੂੰ ਹੀ ਸਚਿਆਰ ਆਖਿਆ ਹੈ।

ਅਗੇ ਚਲ ਕੇ ਇਸ ਸ਼ਬਦ ਵਿਚ ਗੁਰੂ ਸਾਹਿਬ ਤਿੰਨ ਤਿੰਨ ਪੰਗਤੀਆਂ ਦਾ ਇਕ ਇਕ ਪਦਾ ਲੈਂਦੇ ਹਨ। ਉਸ ਸਮੇਂ ਦੇ ਪ੍ਰਚਲਤ ਧਰਮ ਕਰਮ ਦੇ ਮਾਰਗਾਂ ਸੰਬੰਧੀ ਆਪ ਦੋ ਪੰਗਤੀਆਂ ਵਿਚ ਵਿਚਾਰ ਵਿਅਕਤ ਕਰਦੇ ਹਨ ਤੇ ਤੀਸਰੀ ਪੰਗਤੀ ਵਿਚ ਆਪਣੇ ਅਨੁਭਵ ਦੀ ਕਸਵਟੀ ਅਨੁਸਾਰ ਸੋਧ ਬਖਸ਼ਦੇ ਹਨ। ਮਿਸਾਲ ਵਜੋਂ ਕਰਮ-ਕਾਂਡ ਦੇ ਸੰਦਰਭ ਵਿਚ ਆਪ ਪੰਗਤੀ ਨੰ: ੬–੭ ਅਤੇ ੯–੧੦ ਵਿਚ ਸਰੀਰ ਨੂੰ ਕਈ ਪ੍ਰਕਾਰ ਦੇ ਕਸ਼ਟ ਦੇ ਕੇ ਪ੍ਰਭੂ-ਪ੍ਰਾਪਤੀ ਦੇ ਮਾਰਗ ਦੀ ਗੱਲ ਕਰਦੇ ਹਨ। ਕਈ ਹੱਠੀ ਪ੍ਰਭੂ-ਮੁਤਲਾਸ਼ੀਆਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਤੇ ਹੁਣ ਭੀ ਟਿਕਿਆ ਹੋਇਆ ਹੈ ਕਿ ਸਰੀਰ ਨੂੰ ਅੱਗ ਦਾ ਸੇਕ ਦੇ ਕੇ ਸਾੜਨ ਨਾਲ ਜਾਂ ਬਰਫ ਵਿਚ ਗਾਲਣ ਨਾਲ ਪ੍ਰਭੂ ਪ੍ਰਸੰਨ ਹੁੰਦਾ ਹੈ। ਕਈ ਹੱਠ-ਜੋਗੀ ਹੁਣ ਭੀ ਸਰੀਰ ਨੂੰ ਕਈ ਪ੍ਰਕਾਰ ਦੇ ਕਸ਼ਟਾਂ ਦਾ ਪ੍ਰਦਰਸ਼ਨ (ਕੁੰਭ ਦੇ ਮੇਲਿਆਂ ਸਮੇਂ) ਕਰਦੇ ਦੇਖੇ ਜਾਂਦੇ ਹਨ। ਇਸ ਪ੍ਰਕਾਰ ਦੇ ਵਿਚਾਰ ਰਖਣ ਵਾਲੇ ਹੱਠ-ਯੋਗੀਆਂ ਪ੍ਰਤੀ ਆਪ ਇਹੋ ਸਮਝਾ ਰਹੇ ਹਨ ਕਿ ਕਿਤੇ ਭੁਲੇਖੇ ਵਿਚ ਹੀ ਨਾ ਪੈਣਾ ਕਿ ਇਹਨਾਂ ਹੱਠ-ਜੋਗ-ਕਰਮਾਂ ਦਾ ਕੋਈ ਮਹੱਤਵ ਹੈ। ਇਹ ਤਾਂ ਪ੍ਰਭੂ ਨਾਮ ਦੇ ਪਾਸਕੂ ਜਿੰਨੇ ਵੀ ਨਹੀਂ ਹਨ। ਅਠਵੀ ਤੇ ਯਾਰ੍ਹਵੀਂ ਪੰਗਤੀ ਵਿਚ ਗੁਰੁ-ਮਤਿ ਦਾ ਮੰਡਨ ਕਰਦੇ ਹੋਏ ਆਪ ਫੁਰਮਾਉਂਦੇ ਹਨ :–

(ੳ) "ਹਰਿ ਨਾਮੈ ਤੁਲਿ ਨ ਪੁਜਈ" ਜੇ ਲਖ ਕੋਟੀ ਕਰਮ ਕਮਾਇ ॥
(ਅ) "ਹਰਿ ਨਾਮੈ ਤੁਲਿ ਨ ਪੁਜਈ" ਸਭ ਡਿਠੀ ਠੋਕਿ ਵਜਾਈ ॥

ਕੁਝ ਗ੍ਰਹਸਥੀ ਲੋਕਾਂ ਨੂੰ ਵੇਦਾਂਤੀ ਮੱਤ ਨੇ ਇਹ ਭੁਲੇਖਾ ਪਾ ਦਿਤਾ ਹੋਇਆ ਹੈ ਕਿ ਸੋਨਾ ਚਾਂਦੀ ਤੇ ਹਾਥੀ ਘੋੜੇ, ਭੂਮੀ, ਗਊਆਂ ਆਦਿ ਦਾਨ ਦੇਣ ਨਾਲ ਰੱਬ ਦੀ ਪ੍ਰਾਪਤੀ ਹੁੰਦੀ ਹੈ। ਧਾਰਨਾ ਇਹ ਬਣ ਗਈ ਹੈ ਕਿ ਜੇ ਬਹੁਤਾ ਦਾਨ ਦਿਤਾ ਜਾਏ ਤਾਂ ਬਹੁਤੀ ਪ੍ਰਾਪਤੀ ਹੁੰਦੀ ਹੈ, ਜੇ ਥੋੜਾ ਦਿਤਾ ਜਾਏ ਤਾਂ ਥੋੜੀ। ਸਤਿਗੁਰੂ ਜੀ ਆਪਣਾ ਮੱਤ ਪੇਸ਼ ਕਰਦੇ ਹੋਏ ਪੁਛਦੇ ਹਨ ਕਿ ਪੁੰਨ ਦਾਨ ਭਾਵੇਂ ਸਮਾਜ-ਕਲਿਆਣੀ ਕਰਮ ਹਨ, ਪਰ ਇਸ ਨਾਲ ਮਨੁਖੀ ਮਨ ਅੰਦਰ ਜੋ ਗਰਬ-ਗੁਮਾਨ ਆਪ-ਮੁਹਾਰੇ ਆ ਟਿਕਦਾ ਹੈ, ਉਸਨੂੰ ਦੂਰ ਕਰਨ ਲਈ ਗ੍ਰਿਹਸਥੀ ਜਗਿਆਸੂ ਪਾਸ ਕੀ ਸਾਧਨ ਹੈ ? ਜ਼ਾਹਰ ਹੈ, ਕੋਈ ਸਾਧਨ ਨਾ ਹੋਣ ਕਰਕੇ ਮਨੁਖ ਹੰਕਾਰੀ ਬਣ ਜਾਂਦਾ ਹੈ। ਤੇ ਵਾਹਿਗੁਰੂ ਜੀ ਨੂੰ ਹੰਕਾਰੀ ਕਦੀ ਪਿਆਰਾ ਨਹੀਂ ਹੁੰਦਾ, ਕਿਉਂਕਿ ਉਸ ਦੇ ਮਨ ਵਿਚ ਆਪਣੇ ਕੀਤੇ ਹੱਠ-ਜੋਗ-ਕਰਮਾਂ ਜਾਂ ਹੋਰ ਧਰਮਾਂ-ਕਰਮਾਂ ਦੇ ਅਹੰਕਾਰ ਦੀ ਮਾਤ੍ਰਾ ਪ੍ਰਭੂ-ਪ੍ਰੇਮ ਨਾਲੋਂ ਜ਼ਿਆਦਾ ਵਧ ਜਾਂਦੀ ਹੈ। ਮੂਲ ਨਾਲੋਂ ਵਿਆਜ ਵੱਡਾ ਹੋ ਜਾਂਦਾ ਹੈ ਅਤੇ ਇਹ ਹਉਮੈ ਦਾ ਵਿਆਜ ਹੀ ਇਸ ਜਨਮ ਵਿਚ ਨਹੀਂ ਉਤਰਦਾ। ਮੂਲ ਦਾ ਚੇਤਾ ਹੀ ਲਹਿ ਜਾਂਦਾ ਹੈ। ਇਸ ਲਈ ਪੰਗਤੀ ਨੰ: ੧੪ ਵਿਚ ਗੁਰੂ ਜੀ ਦਸ ਰਹੇ ਹਨ ਕਿ ਅਕਾਲ ਪੁਰਖ ਜੀ ਨੇ ਉਪਰੋਕਤ ਧਰਮਾਂ ਕਰਮਾਂ ਤੋਂ ਵਰਜ ਕੇ ਮੈਨੂੰ ਆਪਣੇ ਨਾਮ ਦਾ ਸਚਾ ਦਾਨ ਦੇ ਕੇ ਨਿਵਾਜਿਆ ਹੈ। ਇਕ ਹੋਰ ਥਾਂ ਇਉਂ ਫੁਰਮਾਇਆ ਹੈ–

ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥੧੦॥ ਰਾਮਕਲੀ ਵਾਰ ਮ: ੫, ਪੰਨਾ ੯੬੨

ਪੰਗਤੀ ੧੫-੧੬ ਵਿਚ ਮਨ-ਹੱਠ ਦੇ ਕਈ ਪ੍ਰਕਾਰ ਦੇ ਕਰਮਾਂ ਵਲ ਸੰਕੇਤ ਹੈ। ਗਿਆਨ ਮਾਰਗ, ਜਿਸ ਦਾ ਆਧਾਰ ਬੇਦ-ਬੀਚਾਰ ਹੈ, ਵਲ ਭੀ ਸੰਕੇਤ ਕੀਤਾ ਗਿਆ ਹੈ। ਪਰ ਇਹ ਤਾਂ ਸਗੋਂ ਜੀਵਾਂ ਦੇ ਬੰਧਨ ਬਣਨ ਦਾ ਕਾਰਨ ਬਣਦੇ ਹਨ। ਇਹਨਾਂ ਰਾਹੀਂ ਜੀਵ ਨੂੰ ਮੁਕਤੀ ਤਾਂ ਕੀ ਮਿਲਣੀ ਸੀ ? ਆਪ ਜੀ ਸੋਧ ਦੇਂਦੇ ਹਨ ਕਿ ਮੋਖ-ਦੁਆਰਾ ਕੇਵਲ ਗੁਰੂ ਦੇ ਉਪਦੇਸ਼ ਰਾਹੀਂ ਪ੍ਰਾਪਤ ਹੋਣਾ ਹੈ।



www.AKJ.Org

ਪੰਗਤੀ ੧੭ ਵਿਚ ਗਿਆਨ ਅਤੇ ਕਰਮ ਮਾਰਗ ਨੂੰ ਸੱਚ ਤੋਂ ਓਰੇ ਦਰਸਾਇਆ ਹੈ ਅਤੇ ਇਹਨਾਂ ਮਾਰਗਾਂ ਤੋਂ ਉਪਰ ਧਾਰਨ ਕਰਨ ਜੋਗ ਕੇਵਲ ਸੱਚ-ਆਚਾਰ ਹੈ ਜਾਂ ਜਿਸਨੂੰ ਆਪ ਸਚਿਆਰ ਬਣਨਾ ਆਖਦੇ ਹਨ, ਜਿਸ ਦੀ ਅਗੇ ਚਲ ਕੇ ਭਰਪੂਰ ਵਿਆਖਿਆ ਕੀਤੀ ਜਾਏਗੀ।

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥੩॥੧੮॥੧੨੦॥ ਆਸਾ ਮ: ੫, ਪੰਨਾ ੪੦੧

ਪੰਗਤੀ ੧੮-੧੯-੨੦ ਵਿਚ ਆਪ ਫੁਰਮਾਉਂਦੇ ਹਨ ਕਿ ਉਪਰੋਕਤ ਸਾਰੇ ਹੀ ਆਪਣੇ ਆਪ ਨੂੰ ਉਚਾ ਆਖਦੇ ਹਨ, ਇਹਨਾਂ ਵਿਚੋਂ ਨੀਵਾਂ ਕੋਈ ਦਿਸਦਾ ਹੀ ਨਹੀਂ। ਇਹਨਾਂ ਨੂੰ ਵਾਹਿਗੁਰੂ ਜੀ ਨੇ ਸਾਜਿਆ ਹੈ ਅਤੇ ਤਿੰਨਾਂ ਲੋਕਾਂ ਵਿਚ ਇਕੋ ਜੋਤਿ ਪਸਰ ਰਹੀ ਹੈ। ਪਰ ਮੁਕਤੀ ਤਾਂ ਅਕਾਲ ਪੁਰਖ ਦੀ ਮਿਹਰ ਰਾਹੀ ਹੋਣੀ ਹੈ ਤੇ ਉਸਦੀ ਬਖਸ਼ਸ਼ ਨੂੰ ਕੋਈ ਮੇਟ ਨਹੀਂ ਸਕਦਾ।

ਪੰਗਤੀ ੨੧-੨੨-੨੩ ਵਿਚ ਸਚ-ਆਚਾਰ ਦੀ ਗੁਝੀ ਗੱਲ ਨੂੰ ਅਗੇ ਤੋਰਦੇ ਹੋਏ ਇਕ ਹੋਰ ਭੇਦ ਖੋਲ੍ਹਦੇ ਹਨ ਕਿ ਜਦੋਂ ਸਾਧਕ ਭੈ-ਭਾਵਨੀ ਸਹਿਤ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ ਤਾਂ ਉਸਦੇ ਮਨ ਵਿਚ ਸੰਤੋਖ ਆ ਪ੍ਰਵੇਸ਼ ਕਰਦਾ ਹੈ। ਫਿਰ ਜਦੋਂ ਉਹ ਸਤਿਗੁਰੂ ਜੀ ਦਾ ਪੂਰਨ ਅਨੁਸਾਰੀ ਹੋ ਜਾਂਦਾ ਹੈ ਤਾਂ ਉਸਨੂੰ ਅਕੱਥ ਵਾਹਿਗੁਰੂ ਜੀ ਦੀ ਸੋਝੀ ਹੋ ਆਉਂਦੀ ਹੈ। ਇਉਂ ਗੁਰੂ ਕਾ ਅਨੁਸਾਰੀ ਬਣ ਕੇ ਨਾਮ ਕਮਾਈ ਦੇ ਅੰਮ੍ਰਿਤ-ਮਈ ਗਟਾਕ ਭੁੰਚਦਾ ਹੈ ਤੇ ਸਚੀ ਦਰਗਾਹ ਵਿਚ ਇਜ਼ਤ-ਮਾਣ ਪ੍ਰਾਪਤ ਕਰਦਾ ਹੈ।

ਅਜਿਹੇ ਮਨੁਖ ਨੂੰ ਹੀ ਘਟ ਘਟ ਅੰਦਰ ਸਹਿਜ ਸੁਭਾਇ ਕਿੰਗਰੀ ਵਜਦੀ ਸੁਣਦੀ ਹੈ ਅਤੇ ਕਿਸੇ ਵਿਰਲੇ ਨੂੰ ਹੀ ਗੁਰੂ ਰਾਹੀਂ ਮਨ ਨੂੰ ਵਸ ਕਰਕੇ ਵਾਹਿਗੁਰੂ ਜੀ ਦੀ ਸੋਝੀ ਮਿਲਦੀ ਹੈ। ਸ਼ਬਦ ਦੀ ਅੰਤਲੀ ਪੰਕਤੀ ਤੇ ਆਪਣੀ ਛਾਪ ਲਾਉਂਦੇ ਹੋਏ ਫੁਰਮਾਉਂਦੇ ਹਨ ਕਿ ਇਉਂ ਫਿਰ ਵਾਹਿਗੁਰੂ ਜੀ ਦਾ ਨਾਮ ਕਦੇ ਨਹੀਂ ਭੁਲਦਾ, ਜਿਸਦੀ ਅਤੁਟ ਕਮਾਈ ਸਦਕਾ ਪ੍ਰਾਣੀ ਜਨਮ ਮਰਨ ਦੇ ਗੇੜ ਤੋਂ ਸਦਾ ਲਈ ਛੁਟ ਜਾਂਦਾ ਹੈ।

ਉਪਰੋਕਤ ਸ਼ਬਦ ਵਿਚ ਦੋ ਕਿਸਮ ਦੀਆਂ ਪ੍ਰਮੁਖ ਜੀਵਨ-ਜਾਚਾਂ ਦੀ ਵਿਆਖਿਆ ਕੀਤੀ ਗਈ ਹੈ। ਇਕ ਵਿਚਾਰਧਾਰਾ ਤਾਂ ਇਹ ਹੈ ਕਿ ਪ੍ਰਭੂ-ਪ੍ਰਾਪਤੀ ਲਈ ਗਿਆਨ ਮਾਰਗ ਅਤੇ ਕਰਮ ਮਾਰਗ ਸ੍ਰੇਸ਼ਟ ਹਨ। ਇਹੋ ਵਿਚਾਰਧਾਰਾ ਭਾਰਤ ਵਿਚ ਹੁਣ ਤਕ ਟਿਕੀ ਹੋਈ ਹੈ। ਦੂਜੀ ਵਿਚਾਰਧਾਰਾ ਜੋ ਸਤਿਗੁਰੂ ਜੀ ਆਪ ਬਖਸ਼ਸ਼ ਕਰਦੇ ਹਨ, ਇਹ ਹੈ ਕਿ ਪ੍ਰਭੂ ਪਿਤਾ ਦੇ ਨਾਮ ਤੋਂ ਬਿਨਾਂ ਗਿਆਨ ਧਿਆਨ ਤੇ ਕਰਮ-ਧਰਮ ਬਿਲਕੁਲ ਥੋਥੇ ਹਨ।

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥

ਸੂਹੀ ਮ: ੫, ਪੰਨਾ ੭੬੧

ਸਤਿਗੁਰੂ ਜੀ ਦੇ ਸਮਕਾਲੀ ਸਨਾਤਨੀ ਭਾਰਤੀ ਸਭ ਕੁਝ ਇਸੇ ਨੂੰ ਹੀ ਮੰਨੀ ਬੈਠੇ ਸਨ ਕਿ ਬੇਦ-ਸ਼ਾਸਤ੍ਰੀ ਕਰਮਾਂ ਧਰਮਾਂ ਤੇ ਆਧਾਰਤ ਜੀਵਨ ਹੀ ਇਕ ਆਦਰਸ਼ਕ ਸਦਾਚਾਰਕ ਜੀਵਨ ਹੈ। ਸਤਿਗੁਰੂ ਜੀ ਆਪਣੇ ਧੁਰ-ਦਰਗਾਹੀ ਨਿਜੀ ਅਨੁਭਵ ਦੇ ਆਧਾਰ ਤੇ ਇਹੋ ਜਿਹੇ ਸਦਾਚਾਰੀਆਂ ਨੂੰ ਉਪਦੇਸ਼ ਦੇ ਰਹੇ ਹਨ ਕਿ ਉਨ੍ਹਾਂ ਦਾ ਸਦਾਚਾਰ ਅਗੇ ਜਾ ਕੇ ਪ੍ਰਵਾਨ ਨਹੀਂ ਹੁੰਦਾ। ਇਹ ਤਾਂ ਊਰਾ ਹੈ, ਹੋਲਾ ਹੈ। ਪ੍ਰਭੂ ਸੱਚ ਹੈ। ਜਪੁਜੀ ਸਾਹਿਬ ਦੇ ਅਰੰਭ ਵਿਚ ਹੀ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਦਾ ਸਵਾਲ ਭਾਰਤੀ ਦਾਰਸ਼ਨਿਕਾਂ ਦੇ ਸਾਹਮਣੇ ਰਖ ਦਿਤਾ। ਸੱਚ ਸਭ ਨਾਲੋਂ ਉਚੀ ਮਨਜ਼ਲ ਹੈ, ਜਿਥੇ ਪੁਜ ਕੇ ਕੇਵਲ ਸਚਿਆਰ ਹੀ ਇਹ ਕਹਿ ਸਕਦਾ ਹੈ :–

ਰਾਮਨਾਮਿ ਮਨੁ ਬੇਧਿਆ, ਅਵਰੁ ਕਿ ਕਰੀ ਵੀਚਾਰੁ......॥੧॥ ਸਿਰੀ ਰਾਗ ਮ: ੧–੬੨

ਜਿਸਦਾ ਮਨ ਰਾਮਨਾਮ ਵਿਚ ਟਿਕ ਗਿਆ, ਉਸ ਲਈ ਹੋਰ ਕਰਮ ਧਰਮ ਦੇ ਬਖੇੜੇ ਮਾਨੋ ਮੁਕ ਹੀ ਜਾਂਦੇ ਹਨ। ਉਸਨੂੰ ਤਾਂ ਸ਼ਬਦ ਸੁਰਤ ਦੇ ਮੇਲ ਤੋਂ ਸਚਾ ਸੁਖ ਪ੍ਰਾਪਤ ਹੋ ਚੁਕਾ ਹੁੰਦਾ ਹੈ। ਉਹ ਹੁਣ ਕੇਵਲ ਉਸ



www.AKJ.Org

ਸੱਚੇ ਦੀ ਰਜ਼ਾ ਵਿਚ ਹੀ ਰਾਜ਼ੀ ਤੇ ਸੁਖੀ ਰਹਿੰਦਾ ਹੈ। "ਕਿਵ ਸਚਿਆਰਾ ਹੋਈਐ" ਦੇ ਪ੍ਰਸ਼ਨ ਦਾ ਉਤਰ ਭੀ ਇਹੋ ਹੈ। ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥ ਜਪੁਜੀ ਸਾਹਿਬ, ਪੰਨਾ ੧

ਸਿਰੀਰਾਗ ਦੇ ਉਪਰੋਕਤ ਸ਼ਬਦ ਵਿਚ ਸਤਿਗੁਰੂ ਜੀ ਨੇ ਸਮਕਾਲੀ ਹਿੰਦੂ ਧਰਮ ਦੀਆਂ ਪ੍ਰਮੁਖ ਸਦਾਚਾਰੀ ਧਾਰਨਾਵਾਂ ਨੂੰ ਲੈ ਕੇ ਸੱਚ ਆਚਾਰ ਨਾਲ ਤੁਲਨਾ ਕੀਤੀ ਹੈ। ਵੱਖ ਵੱਖ ਸਦਾਚਾਰੀ ਜੀਵਨ-ਆਦਰਸ਼ਾਂ ਤੇ ਝਾਤ ਮਾਰਨ ਤੋਂ ਪਹਿਲਾਂ ਇਹ ਦ੍ਰਿੜ੍ਹ ਕਰਨਾ ਉਚਿਤ ਹੋਵੇਗਾ ਕਿ ਸਤਿਗੁਰੂ ਜੀ ਸੱਚ-ਆਚਾਰ ਕਿਸ ਨੂੰ ਕਹਿੰਦੇ ਹਨ। ਪਾਤਸ਼ਾਹ ਦਾ ਸੱਚ-ਆਚਾਰ ਤੋਂ ਭਾਵ ਹੈ ਉਹ ਵਿਹਾਰ, ਜਿਸ ਦਾ ਸੋਮਾ 'ਸੱਚ ਦਾ ਹਿਰਦੇ ਅੰਦਰ ਪ੍ਰਕਾਸ਼' ਹੈ। ਅਜਿਹੇ ਵਿਅਕਤੀ ਨੂੰ ਇਕ ਥਾਂ ਸੁਹਾਗਣ ਭੀ ਕਿਹਾ ਹੈ। ਤੇ ਵਿਆਖਿਆ ਕਰਦੇ ਹੋਏ ਫੁਰਮਾਉਂਦੇ ਹਨ :–

ਨਾਨਕ ਸੁਹਾਗਣਿ ਕਾ ਕਿਆ ਚਿਹਨੁ ਹੈ, ਅੰਦਰਿ ਸਚੁ, ਮੁਖੁ ਉਜਲਾ, ਖਸਮੈ ਮਾਹਿ ਸਮਾਇ ॥੧॥੨॥
ਸੂਹੀ ਕੀ ਵਾਰ ਮ: ੩, ਪੰਨਾ ੭੮੫

ਭਾਵ, ਉਹ ਆਚਾਰ ਵਿਹਾਰ, ਜਦੋਂ ਮਨੁਖ ਸੱਚ ਨਾਲ ਸੁਰ ਹੋ ਕੇ ਸੰਸਾਰ ਵਿਚ ਵਿਚਰਦਾ ਤੇ ਵਰਤਦਾ ਹੈ। ਉਸ ਨੂੰ ਦੁਖ ਸੁਖ ਇਕ-ਸਮਾਨ ਜਾਪਦੇ ਹਨ, ਉਸ ਲਈ ਮਿੱਟੀ ਤੇ ਸੋਨੇ ਵਿਚ ਫਰਕ ਮਿਟ ਜਾਂਦਾ ਹੈ, ਪੂਜਾ ਤੇ ਨਿਮਾਜ਼ ਦਾ, ਜਾਂ ਦੇਹੁਰਾ ਤੇ ਮਸੀਤ ਦਾ ਅੰਤਰ ਖਤਮ ਹੋ ਜਾਂਦਾ ਹੈ। 'ਨੀਚਾਂ ਅੰਦਰਿ ਨੀਚ ਜਾਤਿ' ਨਾਲ ਭੀ ਸੰਗਤ ਤੇ ਪੰਗਤ ਦੀ ਸਾਂਝ ਕਰਨ ਵਿਚ ਸੰਕੋਚ ਨਹੀਂ ਰਹਿੰਦਾ। ਸਜਣ ਤੇ ਵੈਰੀ, ਆਪਣੇ ਤੇ ਬਿਗਾਨੇ ਦਾ ਅਹਿਸਾਸ ਖਤਮ ਹੋ ਜਾਂਦਾ ਹੈ। ਸਚ ਆਚਾਰੀ ਦੀ ਦ੍ਰਿਸ਼ਟੀ ਵਿਚ "ਸਭੁ ਗੋਬਿੰਦੁ ਹੈ, ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥" (ਆਸਾ ਨਾਮਦੇਵ ਜੀ, ੪੮੫) ਦੇ ਪਰਤੱਖ ਨਜ਼ਾਰੇ ਵਜਦੇ ਹਨ। ਸੱਚ-ਆਚਾਰੀ ਦੀ ਪੂਰਨ ਵਿਆਖਿਆ ਗਉੜੀ ਸੁਖਮਨੀ ਮ: ੫ ਦੀ ਅਠਵੀਂ ਅਸ਼ਟਪਦੀ ਵਿਚ ਕੀਤੀ ਗਈ ਹੈ।

ਇਕ ਥਾਂ ਇਉਂ ਵੀ ਫੁਰਮਾਇਆ ਹੈ :–

ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥
ਗਉੜੀ ਸੁਖਮਨੀ ਮ: ੫, ਪੰਨਾ ੨੮੩

ਸਚ-ਆਚਾਰੀ ਲਈ ਪਹਿਲਾਂ ਸਚ ਨਾਲ ਸੁਰ ਹੋਣਾ ਲਾਜ਼ਮੀ ਹੈ। ਸਚ ਨਾਲ ਸੁਰ ਹੋਣ ਉਪਰੰਤ ਹੀ ਉਸ ਦਾ ਆਚਾਰ-ਵਿਹਾਰ ਸੱਚ-ਆਚਾਰ ਦੀ ਕਸਵੱਟੀ ਤੇ ਪੂਰਾ ਉਤਰ ਸਕਦਾ ਹੈ, ਨਹੀਂ ਤਾਂ ਨਹੀਂ। ਸੱਚ ਨਾਲ ਸੁਰ ਹੋਣ ਤੋਂ ਪਹਿਲਾਂ ਉਹ ਸਦਾਚਾਰੀ ਤਾਂ ਹੋ ਸਕਦਾ ਹੈ, ਪਰ ਸਚਿਆਰ ਨਹੀਂ।

ਉਪਰੋਕਤ ਸ਼ਬਦ ਦੀ ਵਿਚਾਰ ਤੋਂ ਹੁਣ ਇਹ ਨਤੀਜਾ ਕਢਣਾ ਆਸਾਨ ਹੋਵੇਗਾ ਕਿ ਕੇਵਲ ਸਚਿਆਰ ਦਾ ਹੀ, ਜਾਂ ਇਉਂ ਕਹੋ ਕੇਵਲ ਸੱਚ ਨਾਲ ਸੁਰ ਹੋਏ ਹੋਏ ਦਾ ਵਿਹਾਰ ਹੀ ਸੱਚ-ਆਚਾਰ ਗੁਰਮਤਿ ਅੰਦਰ ਪਰਵਾਨ ਕੀਤਾ ਗਿਆ ਹੈ। ਇਸ ਤੋਂ ਉਰੇਡੇ ਉਰੇਡੇ ਕੇਵਲ ਸਦਾਚਾਰੀ ਪਦ ਤਕ ਬਣੇ ਰਹਿੰਦੇ ਹਨ। ਸੱਚ-ਆਚਾਰ ਤਾਂ ਕੇਵਲ ਸਚਿਆਰ ਦਾ ਹੀ ਹੋ ਸਕਦਾ ਹੈ, ਕਿਸੇ ਹੋਰ ਦਾ ਨਹੀਂ। ਸਾਡੇ ਅਜ ਦੇ ਵਿਦਵਾਨਾਂ ਦੇ ਅੰਗਰੇਜ਼ੀ ਅਨੁਵਾਦ ਅਨੁਸਾਰ ਉਪਰੋਕਤ ਭਾਵ ਸਪਸ਼ਟ ਕਰਨ ਲਈ ਜੇ truthful living ਦੀ ਬਜਾਏ living and acting in harmony with truth ਜ਼ਿਆਦਾ ਠੀਕ ਜਾਪਦਾ ਹੈ। truthful living ਵਿਚ ਸਦਾਚਾਰੀ ਦੀ ਹੰਗਤਾ ਕਾਇਮ ਰਹਿ ਸਕਦੀ ਹੈ, ਪਰ ਸੱਚ ਨਾਲ ਸੁਰ ਹੋਏ ਦੀ ਆਪਣੀ ਹੋਂਦ ਮਿਟ ਜਾਂਦੀ ਹੈ।

ਅੰਤਮ ਸੱਚ ਨੂੰ ਦਿਮਾਗੀ ਤੌਰ ਤੇ ਜਾਣਨਾ ਬੁਝਣਾ ਕੋਈ ਵੱਡੀ ਗੱਲ ਨਹੀਂ। ਸਾਡੇ ਦੇਸ਼ ਦੇ ਮਹਾਨ



www.AKJ.Org

ਰਿਸ਼ੀਆਂ ਮੁਨੀਆਂ ਨੇ ਸੱਚ ਨੂੰ ਦਿਮਾਗੀ ਤੌਰ ਤੇ ਜਾਣਨ ਦਾ ਜਤਨ ਕੀਤਾ। ਉਸ ਵਿਚੋਂ 'ਅਹੰ ਬ੍ਰਹਮ ਅਸਮੀ' ਦੀ ਸੱਦ ਆਈ। 'ਮੈਂ ਹੀ ਉਹੀ ਬ੍ਰਹਮ ਹਾਂ' ਜਾਂ 'ਤੂੰ ਭੀ ਉਹੀ ਬ੍ਰਹਮ ਹੈਂ'। ਇਹ ਵੇਦਾਂ ਦਾ ਅੰਤਮ ਸੱਚ ਹੈ, ਜਿਸ ਨੂੰ ਗਿਆਨ ਮਾਰਗ ਦੀ ਟੀਸੀ ਕਿਹਾ ਜਾਂਦਾ ਹੈ। ਸਤਿਗੁਰੂ ਜੀ ਇਸ ਸੱਚ ਨਾਲ ਸੁਰ ਹੋਣ ਦੀ ਸਮੱਸਿਆ ਭਾਰਤੀ ਰਿਸ਼ੀਆਂ ਮੁਨੀਆਂ, ਸਿਧਾਂ ਲਈ, ਅਨੇਕ ਭਗਤਾਂ, ਗਿਆਨੀਆਂ ਪੀਰਾਂ ਫਕੀਰਾਂ ਅਗੇ ਰਖਦੇ ਹਨ। ਕੇਵਲ ਸਮੱਸਿਆ ਹੀ ਨਹੀਂ ਖੜੀ ਕਰਦੇ, ਜਿਵੇਂ ਸਾਡੇ ਅੱਜ ਦੇ ਬੁਧੀਜੀਵੀਆਂ ਦਾ ਸ਼ੁਗਲ ਹੈ; ਸਗੋਂ ਸੱਚ ਨਾਲ ਸੁਰ ਹੋਣ ਦਾ ਤਰੀਕਾ ਭੀ ਸਮਝਾਉਂਦੇ ਹਨ।

'ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥ (ਜਪੁਜੀ ਪੰਨਾ ੧)

ਜਿਨ ਗੁਰਮੁਖਿ ਖੋਜਿ ਢੰਢੋਲਿਆ, ਤਿਨ ਅੰਦਰਹੁ ਹੀ ਸਚੁ ਲਾਧਿਆ ॥......<br>
ਸਚੁ ਸਚਾ ਸਬਦੁ ਵਡਾ ਹੈ, ਸਚੁ ਸੇਵਨਿ ਸੇ ਸਚਿ ਰਲਾਧਿਆ ॥..... ੨੨॥<br>
(ਗਉੜੀ ਕੀ ਵਾਰ ਮ: ੪, ਪੰਨਾ ੩੧੩)

ਗੁਰਮਤਿ ਵਿਚ ਜ਼ੋਰ ਇਸ ਗੱਲ ਤੇ ਦਿਤਾ ਗਿਆ ਹੈ ਕਿ ਸੱਚ ਨਾਲ ਸੁਰ ਹੋ ਕੇ ਉਸ ਸੱਚੇ ਦੀ ਰਜ਼ਾ ਵਿਚ ਵਿਚਰਿਆ ਜਾਏ। ਸੁਰ ਹੋਣ ਦਾ ਸਭ ਤੋਂ ਸੌਖਾ ਤੇ ਆਮ ਲੋਕਾਂ ਦੇ ਪੱਧਰ ਤੇ ਅਮਲੀ ਤੌਰ ਤੇ ਵਰਤੋਂ ਵਿਚ ਆ ਸਕਣ ਵਾਲਾ ਤਰੀਕਾ ਜੋ ਸਤਿਗੁਰੂ ਜੀ ਸਮਝਾਉਂਦੇ ਹਨ, ਉਹ ਹੈ, "ਹੁਕਮ ਰਜ਼ਾ ਵਿਚ ਸ਼ੁਕਰ ਸ਼ੁਕਰ ਕਰ ਕੇ ਜੀਉਣਾ।" ਕਹਿਣਾ ਸੌਖਾ ਹੈ, ਪਰ ਰਜ਼ਾ ਵਿਚ ਜੀਉਣਾ ਕਿਤਨਾ ਹੀ ਕਠਨ ਹੈ। ਬੰਦ ਬੰਦ ਭੀ ਕਟਾਣੇ ਪੈਂਦੇ ਹਨ। ਬੱਚਿਆਂ ਤੇ ਮਾਸੂਮਾਂ ਦੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਤੇ ਗਲਾਂ ਵਿਚ ਉਹਨਾਂ ਟੋਟਿਆਂ ਦੇ ਹਾਰ ਭੀ ਪੈ ਸਕਦੇ ਹਨ। ਤੱਤੀ ਤਵੀ ਤੇ ਬੈਠਣ ਤੋਂ ਸੰਕੋਚ ਨਹੀਂ ਹੁੰਦਾ। ਸਰਬੰਸ ਭੀ ਉਸ ਸੱਚ ਤੋਂ ਖਿੜੇ ਮੱਥੇ ਕੁਰਬਾਨ ਕਰਨ ਨੂੰ ਜੀ ਕਰਦੈ। ਮਨ ਵਿਚ ਇਹ ਦ੍ਰਿੜ੍ਹ ਹੋ ਜਾਂਦਾ ਹੈ ਕਿ ਸੱਚ ਸੱਚ ਹੈ ਅਤੇ ਉਸਦਾ ਭਾਣਾ ਭੀ ਸੱਚਾ ਹੈ, ਜੋ ਅਸਾਂ ਖਿੜੇ ਮੱਥੇ ਹਸੂੰ ਹਸੂੰ ਕਰਦਿਆਂ ਮਿੱਠਾ ਕਰਕੇ ਮੰਨਣਾ ਹੈ। ਇਉਂ ਰਜ਼ਾ ਵਿਚ ਵਿਚਰਦਿਆਂ ਵਿਚਰਦਿਆਂ ਮਨੁੱਖ ਸੱਚ ਦੀ ਰਜ਼ਾ ਨਾਲ ਸੁਰ ਹੋ ਕੇ ਸਚਿਆਰ ਹੋ ਜਾਂਦਾ ਹੈ।

ਰਜ਼ਾ ਵਿਚ ਰਹਿਣਾ ਸੱਚ ਨਾਲ ਸੁਰ ਹੋਣ ਦਾ ਇਕ ਪਹਿਲੂ ਹੈ। ਇਸ ਪੱਖ ਉਤੇ ਗੁਰਮਤਿ ਕਾਫੀ ਜ਼ੋਰ ਦਿੰਦੀ ਹੈ। ਸੱਚ ਨਾਲ ਸੁਰ ਹੋਣ ਲਈ ਸਤਿਗੁਰੂ ਜੀ ਦੂਜਾ ਅਮਲੀ ਤਰੀਕਾ ਇਹ ਦੱਸਦੇ ਹਨ :–

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਸਚੇ ਨਾਉ ਦੀ ਸਿਫਤ ਸਲਾਹ ਵਿਚ ਬਿਤਾਉਣ ਵਾਲਾ ਸਮਾਂ ਅੰਮ੍ਰਿਤ ਵੇਲਾ ਹੈ। "ਸਾਸਿ ਸਾਸਿ ਸਿਮਰਹੁ ਗੋਬਿੰਦ" (੨੯੫) ਲਈ ਸਾਰਾ ਜੀਵਨ-ਸਮਾਂ ਅੰਮ੍ਰਿਤ ਵੇਲਾ ਹੈ। ਜਿਤਨਾ ਸਮਾਂ ਕੋਈ ਪ੍ਰਾਣੀ ਹਰਿ ਜਸ ਵਿਚ ਜੁਟਾ ਸਕਦਾ ਹੈ, ਉਹ ਉਸ ਲਈ ਅੰਮ੍ਰਿਤ ਵੇਲਾ ਹੈ। ਜੇ "ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ" (੧੪੬) ਦੀ ਮਿਹਰ ਹੋਵੇ, ਤਾਂ ਉਸ ਸਮੇਂ ਨੂੰ ਮਹਾਰਾਜ ਨੇ ਅੰਮ੍ਰਿਤ ਵੇਲਾ ਆਖਿਆ ਹੈ। ਸਮਾਂ ਤੇ ਸਥਾਨ ਦੋਵੇਂ ਅੰਮ੍ਰਿਤ ਹਨ, ਜੇ ਉਹ ਪ੍ਰਭੂ ਸਿਮਰਨ ਦੇ ਸਾਧਨ ਹਨ। "ਜਿਥੈ ਨਾਮੁ ਜਪੀਐ ਪ੍ਰਭ ਪਿਆਰੇ, ਸੇ ਅਸਥਲ ਸੋਇਨ ਚਉਬਾਰੇ ॥" ਇਸ ਦੇ ਉਲਟ "ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥" (ਮਾਝ ਮ: ੫, ਪੰਨਾ ੧੦੫)। ਸੋ, ਸੱਚੇ ਦੀ ਸਿਫਤ ਸਲਾਹ ਦੂਜਾ ਕਦਮ ਹੈ। ਇਉਂ ਰੱਬੀ ਰਜ਼ਾ ਤੇ ਸਿਫਤ ਸਲਾਹ ਰਾਹੀਂ ਕਦਮ ਕਦਮ ਤੁਰ ਕੇ ਸਦਾ ਮਾਲਕ ਤੋਂ ਬਖਸ਼ਸ਼ ਦਾ ਖੈਰ ਮੰਗਦਾ ਮੰਗਦਾ ਸੱਚ-ਆਚਾਰੀ, ਸੱਚ ਵਿਚ ਸਮਾ ਜਾਂਦਾ ਹੈ। "ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥" (੮੪੬)

ਸੱਚ-ਆਚਾਰੀ ਦੇ ਕੀਤੇ ਕਰਮਾਂ ਵਿਚ ਉਸਦੀ ਆਪਣੀ ਮੈਂ ਨਹੀਂ ਹੁੰਦੀ। ਪਰਚਲਤ ਸਦਾਚਾਰੀ ਦੇ ਸਦਾਚਾਰ ਵਲ ਇਸ਼ਾਰਾ ਕਰਦੇ ਹੋਏ ਪਾਤਸ਼ਾਹ ਸ੍ਰੀ ਆਸਾ ਕੀ ਵਾਰ ਵਿਚ ਫੁਰਮਾਉਂਦੇ ਹਨ–



www.AKJ.Org

ਹਉ ਵਿਚਿ ਸਚਿਆਰੁ ਕੂੜਿਆਰੁ ॥ ਆਸਾ ਕੀ ਵਾਰ ਮ: ੧, ਪੰਨਾ ੪੬੬

ਇਹ ਤਾਂ ਸਾਰੇ ਲੋਕੀ ਮੰਨਦੇ ਹਨ ਕਿ ਕੂੜਿਆਰ, ਜੋ ਵਾਹਿਗੁਰੂ ਜੀ ਤੋਂ ਬੇਮੁਖ ਹੈ, ਦੇ ਕਰਮਾਂ ਦਾ ਆਧਾਰ ਕੇਵਲ ਹਉਮੈ ਹੀ ਹੈ। ਪਰ ਗੁਰੂ ਪਾਤਸ਼ਾਹ ਦੀ ਪਾਰਖਵੀਂ ਨਜ਼ਰ ਨੇ ਝਟ ਪਛਾਣ ਲਿਆ ਕਿ ਅਖੌਤੀ ਸਚਿਆਰ, ਭਾਵ ਸਦਾਚਾਰੀ ਭੀ ਹਉਮੈ ਦੇ ਆਧਾਰ ਤੇ ਕਰਮ-ਧਰਮ ਕਰਦਾ ਹੈ।

ਧਰਮੀ ਧਰਮੁ ਕਰਹਿ ਗਾਵਾਵਹਿ, ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ, ਛਡਿ ਬਹਹਿ ਘਰਬਾਰੁ ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥੧੧॥

ਆਸਾ ਕੀ ਵਾਰ ਮ: ੧, ਪੰਨਾ ੪੬੯

ਧਰਮੀ ਬੰਦੇ ਧਰਮ ਕਰਮ ਕਰ ਕਰ ਕੇ ਉਸ ਦਾ ਪ੍ਰਦਰਸ਼ਨ ਕਰਦੇ ਹਨ। ਉਸਦੀ ਥਾਂ ਥਾਂ ਮੁਨਾਦੀ ਤੇ ਭੰਡੀ-ਪ੍ਰਚਾਰ ਕਰਦੇ ਹਨ। ਜਤੀਆਂ ਨੇ ਘਰ ਬਾਰ ਛਡਣਾ ਹੀ ਬਹੁਤ ਵੱਡੀ ਗਲ ਮੰਨੀ ਹੋਈ ਹੈ, ਉਹ ਭੀ ਹਉਮੈ ਵਿਚ ਫਿਰਦੇ ਹਨ। ਨਾ ਧਰਮੀ ਤੇ ਨਾ ਹੀ ਜੱਤੀ ਆਪਣੇ ਆਪ ਨੂੰ ਘਟ ਅਖਵਾਉਣ ਲਈ ਤਿਆਰ ਹਨ। ਸਦਾਚਾਰ ਦੇ ਧਾਰਨੀ ਤਾਂ ਉਹ ਹਨ, ਪਰ ਉਹਨਾਂ ਦੀ ਹਉ ਨਹੀਂ ਮੁਕੀ। ਸਤਿਗੁਰੂ ਵੈਦ, ਮਨੁਖ ਦੇ ਸਰਬ ਰੋਗਾਂ ਦੀ ਜੜ੍ਹ ਹਉਮੈ ਵਲ ਸੰਕੇਤ ਕਰਦੇ ਹਨ ਕਿ ਜਿੰਨਾ ਚਿਰ ਤਕ ਕਿਸੇ ਦੀ ਹਉਮੈ ਦੂਰ ਨਹੀਂ ਹੁੰਦੀ, ਉਤਨਾ ਚਿਰ ਤਕ ਸੱਚ ਨਾਲ ਸੁਰ ਨਹੀਂ ਹੋ ਸਕੀਦਾ। ਸੱਚ ਨਾਲ ਸੁਰ ਹੋਏ ਸਾਜ ਵਿਚੋਂ "ਤੂੰਹੀ, ਤੂੰਹੀ, ਤੂੰਹੀ, ਤੂੰਹੀ, ਤੂੰਹੀ" ਦੀ ਧੁਨੀ ਸੁਣਾਈ ਦਿੰਦੀ ਹੈ। ਸਦਾਚਾਰੀ ਸਾਜ਼ ਵਿਚੋਂ "ਮੈਂ ਹੀ, ਮੈਂ ਹੀ" ਦੀ ਆਵਾਜ਼ ਆਉਂਦੀ ਹੈ। ਬਸ ਫ਼ਰਕ ਇਤਨਾ ਹੀ ਹੈ। ਇਸ ਲਈ ਗੁਰੂ-ਮਤਿ ਵਿਚ ਮਨੁਖ ਦੇ ਅੰਦਰ ਸੱਚ ਦੇ ਨਿਵਾਸ ਲਈ ਸੱਚੇ ਦਿਲੋਂ ਜਤਨ ਕਰਨ ਤੇ ਜ਼ੋਰ ਦਿਤਾ ਗਿਆ ਹੈ। ਗੁਰੂ ਤੇ ਅਕਾਲ ਪੁਰਖ ਲਈ ਭੈ ਭਾਵਨੀ ਅਤੇ ਸੱਚੇ ਦੀ ਸਿਫਤ ਸਲਾਹ ਦਾ ਬੀਜ ਪਹਿਲਾਂ ਹੀ ਹਿਰਦੇ ਅੰਦਰ ਜੰਮੇ ਤਾਂ ਉਸ ਤੋਂ ਫੁਲਿਆ-ਫਲਿਆ ਬ੍ਰਿਛ ਸੰਸਾਰ ਨੂੰ ਸਹੀ ਠੰਡੀ ਛਾਉਂ ਪ੍ਰਦਾਨ ਕਰ ਸਕੇਗਾ। ਓਪਰੇ ਓਪਰੇ ਮਨ ਨਾਲ, ਵੇਦ-ਸ਼ਾਸਤਰਾਂ ਦੀਆਂ ਲਿਖਤੀ ਸ਼ਰਤਾਂ ਦਾ ਬੁੱਤਾ ਸਾਰ ਕੇ ਬਣੇ ਸਦਾਚਾਰੀ ਦੇ ਹਿਰਦੇ ਵਿਚ ਨਾਮ-ਬੀਜ ਨਾ ਹੋਣ ਕਰਕੇ, ਉਸ ਦੇ ਸਦਾਚਾਰ ਵਿਚ ਹਉਮੈ ਆ ਜਾਂਦੀ ਹੈ।

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਉ ॥੨॥੨੨॥

ਮਲਾਰ ਕੀ ਵਾਰ ਮ: ੧–੧੨੮੮

ਪਹਿਲੋਂ ਅੰਦਰੋਂ ਹੀ ਗੁਰਪ੍ਰਸਾਦਿ ਸਦਕਾ ਨਾਮ ਦਾ ਬੀਜ ਜੰਮੇ ਤਾਂ ਉਸ ਦੇ ਗਿਆਨ-ਚਾਨਣੇ ਵਿਚ ਮਨੁਖ ਨੂੰ ਸਚਿਆਰ ਪਦ ਹੀ ਸਹੀ ਸੇਧ ਮਿਲ ਸਕਦੀ ਹੈ। (ਚਲਦਾ)

(ਚਲਦਾ)

# ਇਕ ਹੋਰ ਮੌਕਾ ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਨੂੰ

ਸਾਲਾਨਾ ਚੰਦਾ ਦਸ ਦੀ ਥਾਂ ਪੰਦਰ੍ਹਾਂ ਰੁਪਏ ਹੋ ਜਾਣ ਕਰਕੇ ਜਿਨ੍ਹਾਂ ਕੁਝ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਨਹੀਂ ਪੁਜੇ, ਉਨ੍ਹਾਂ ਨੂੰ ਜੂਨ ੮੩ ਦੇ 'ਸੂਰਾ' ਵਿਚ ਬੇਨਤੀ ਕੀਤੀ ਗਈ ਸੀ ਕਿ ਉਨ੍ਹਾਂ ਦਾ ਉਤਰ ਨਾ ਆਉਣ ਕਰਕੇ, ਉਨ੍ਹਾਂ ਦੀ ਪਿਛਲੀ ਰਕਮ ਅਮਾਨਤੀ ਲਾਈਫ਼ ਮੈਂਬਰੀ ਚੋਂ ਕਢ ਕੇ ਸਾਲਾਨਾ ਚੰਦੇ ਵਿਚ ਜਮ੍ਹਾਂ ਕਰ ਦਿਤੀ ਜਾਵੇਗੀ। ਉਹ ਰਕਮ ਛੇ ਸਾਲ ਵਿਚ ਖ਼ਤਮ ਹੋ ਜਾਵੇਗੀ।

ਅਜਿਹੇ ਕੁਝ ਰਹਿ ਗਏ ਅਮਾਨਤੀ ਲਾਈਫ਼ ਮੈਂਬਰਾਂ ਦੀਆਂ ਰਕਮਾਂ ਅਜੇ ਤਕ ਸਾਲਾਨਾ ਚੰਦਿਆਂ ਵਿਚ ਅਸਾਂ ਨਹੀਂ ਲਿਆਂਦੀਆਂ। ਸੋ ਇਨ੍ਹਾਂ ਮੈਂਬਰਾਂ ਨੂੰ ਇਕ ਵਾਰ ਹੋਰ ਬੇਨਤੀ ਹੈ ਕਿ ਉਹ ਪੰਜਾਹ ਪੰਜਾਹ ਰੁਪਏ ਭੇਜ ਕੇ ਆਪਣੀ ਰਕਮ ਸੁਰੱਖਿਅਤ ਕਰਨ ਅਤੇ ਸਾਲਾਨਾ ਚੰਦੇ ਦੇ ਰੂਪ ਵਿਚ ਲਿਆ ਕੇ ਖ਼ਤਮ ਨਾ ਕਰਨ। ਅਸਾਂ ਇਹ ਵੀ ਲਿਖਿਆ ਸੀ ਕਿ ਜੇ ਕੋਈ ਚਾਹੇ ਤਾਂ ਆਪਣੀ ਬਣਦੀ ਅਮਾਨਤੀ ਰਕਮ ਵਾਪਸ ਲੈ ਸਕਦਾ ਹੈ। ਪ੍ਰਾਰਥਕ ਦਾਸ—ਮੈਨੇਜਰ



www.AKJ.Org

# ਰੋਕ ਸਕਦੈ ਕੌਣ ਕਿਰਪਾਨ ਸਾਡੀ

(ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਪਿੰਡ ਮਾਲਬ ਜ਼ਿਲਾ ਗੁੜਗਾਉਂ)

ਮਹਾਂ ਦਾਨੀ ਸਤਿਗੁਰੂ ਗੋਬਿੰਦ ਸਿੰਘ ਨੇ, ਸੁੱਤੀ ਹੋਈ ਜਗਾਈ ਸੀ ਆਨ ਸਾਡੀ।
ਤਖ਼ਤ ਕੇਸਗੜ੍ਹ ਥਾਵੇਂ ਤਲਵਾਰ ਹੇਠਾਂ, ਮਰਦ ਅਗੰਮੜੇ ਕੀਤੀ ਪਹਿਚਾਨ ਸਾਡੀ।
ਹੋਏ ਸੁਰਖਰੂ ਸਾਂ ਪੰਜ ਸੀਸ ਦੇ ਕੇ, ਲਿਖੀ ਗਈ ਜਗ ਤੇ ਦਾਸਤਾਨ ਸਾਡੀ।
ਸਾਡੇ ਗਾਤਰੇ ਓਸ ਨੇ ਆਪ ਪਾਈ, ਰੋਕ ਸਕਦੈ ਕੌਣ ਕਿਰਪਾਨ ਸਾਡੀ।
ਕੰਨ ਖੋਲ੍ਹ ਕੇ ਸੁਣ ਲੌ ਐ ਹੁਕਮਰਾਨੋ ! ਸਾਰ-ਪੁਤਰੀ* ਹੈ ਜਿੰਦ ਤੇ ਜਾਨ ਸਾਡੀ।
ਅਸੀਂ ਪਹਿਰਨੀ ਏ ਹੁਣ ਦੋਹੀਂ ਥਾਈਂ† ਰੋਕ ਸਕਦੈ ਕੌਣ ਕਿਰਪਾਨ ਸਾਡੀ।

ਏਸੇ ਤੇਗ ਨੂੰ ਕੱਢ ਮਿਆਨ ਵਿਚੋਂ, ਅਸੀਂ ਸੋਧਿਆ ਅਤਿਆਚਾਰੀਆਂ ਨੂੰ।
ਦੁੰਬੇ-ਖਾਣਿਆਂ ਮੁਗਲਾਂ ਦੇ ਦੰਦ ਭੰਨੇ, ਵਧਣੋਂ ਰੋਕਿਆ ਜ਼ੁਲਮ-ਵਪਾਰੀਆਂ ਨੂੰ।
ਨੱਥ ਪਾਈ ਅਬਦਾਲੀ ਜਿਹੇ ਜ਼ਾਲਮਾਂ ਨੂੰ, ਨਾਦਰ ਸ਼ਾਹ ਜਿਹੇ ਮਾਨੀ ਹੰਕਾਰੀਆਂ ਨੂੰ।
ਰੱਖੇ ਜਿਹੜੇ ਮੈਦਾਨ,ਨਾ ਘਰੀਂ ਪਰਤੇ,ਤੱਕਿਆ ਉਨ੍ਹਾਂ ਦੀਆਂ ਪਿਟਦੀਆਂ ਨਾਰੀਆਂ ਨੂੰ।
ਏਸ ਦੇਸ਼ ਦੀ ਅਣਖ ਤੇ ਆਨ ਬਦਲੇ, ਜਾਨ ਹੋਈ ਅਨਗਿਣਤ ਕੁਰਬਾਨ ਸਾਡੀ।
ਅਸੀਂ ਜ਼ੁਲਮ ਦੇ ਹੜ੍ਹਾਂ ਨੂੰ ਠਲ੍ਹ ਪਾਈ, ਰੋਕ ਸਕਦੈ ਕੌਣ ਕਿਰਪਾਨ ਸਾਡੀ।

ਅਸੀਂ ਏਸੇ ਕਿਰਪਾਨ ਦੇ ਬਲ ਬੋਤੇ, ਬਦਲੀ ਦੇਸ਼ ਦੀ ਦਸੋ ਤਕਦੀਰ, ਕੀ ਨਹੀਂ ?
ਆ ਕੇ ਮੁਗਲਾਂ ਜਰਵਾਣਿਆਂ ਪੱਤ ਏਹਦੀ,ਕਈ ਵਾਰ ਕੀਤੀ ਲੀਰੋ ਲੀਰ, ਕੀ ਨਹੀਂ ?
ਵਿਕੀ ਜਾ ਕੇ ਗਜ਼ਨੀ ਬਜ਼ਾਰ ਅੰਦਰ, ਏਸੇ ਦੇਸ਼ ਦੀ ਇੱਜ਼ਤ ਤੌਕੀਰ‡, ਕੀ ਨਹੀਂ ?
ਖੰਡੇ ਵਾਹੁਣ ਕਿਰਪਾਨਾਂ ਚਲਾਉਣ ਵਾਲੇ, ਇਹੀ ਸਨ ਉਹ ਸਿੱਖ ਫ਼ਕੀਰ, ਕੀ ਨਹੀਂ ?
ਇਹ ਹੈ ਉਹੀ ਹਥਿਆਰ ਜਿਸ ਸਾਂਭ ਰੱਖੀ, ਪੱਤ ਆਬਰੂ ਵਿਚ ਜਹਾਨ ਸਾਡੀ।
ਚਲਦੀ ਰਹੇਗੀ ਸਿਰਾਂ ਤੇ ਜ਼ਾਲਮਾਂ ਦੇ, ਰੋਕ ਸਕਦੈ ਕੌਣ ਕਿਰਪਾਨ ਸਾਡੀ।

ਕਦੀ ਕਿਸੇ ਵੀ ਸਿੰਘ ਨੇ ਕੋਈ ਦੱਸੇ, ਰਾਹ ਜਾਂਦਾ ਝਟਕਾਇਐ ਕਿਰਪਾਨ ਦੇ ਨਾਲ ?
ਕਿਸੇ ਸਾਧੂ ਜਾਂ ਸੰਤ ਗਰੀਬ ਨੂੰ ਵੀ, ਜ਼ਖਮੀ ਕਰਕੇ ਢਾਹਿਐ ਕਿਰਪਾਨ ਦੇ ਨਾਲ ?
ਕਦੀ ਕਿਸੇ ਗੁਆਂਢੀ ਦੇ ਨਾਲ ਝੇੜਾ, ਕਰਦੇ ਸਮੇਂ ਦੁਖਾਇਐ ਕਿਰਪਾਨ ਦੇ ਨਾਲ ?
ਇਹ ਜ਼ਰੂਰ ਹੈ ਦੁੱਖੀ ਦੀ ਰਖਿਆ ਲਈ, ਸਿੰਘ ਹੱਥ ਉਠਾਇਐ ਕਿਰਪਾਨ ਦੇ ਨਾਲ।
ਕਿਉਂ ਫਿਰ ਇਸ ਤੇ ਪਾਬੰਦੀਆਂ ਲਗਦੀਆਂ ਨੇ, ਪੜ੍ਹ ਸੁਣ ਕੇ ਸੁਕਦੀ ਏ ਜਾਨ ਸਾਡੀ।
ਪਾਣੀ 'ਮਿੱਤਰ ਜੀ' ਸਿਰ ਤੋਂ ਨਹੀਂ ਲੰਘਣ ਦੇਣਾ, ਰੋਕ ਸਕਦੈ ਕੌਣ ਕਿਰਪਾਨ ਸਾਡੀ।

*ਕਿਰਪਾਨ। †ਭਾਵ ਛੋਟੀ ਤੇ ਵੱਡੀ ਦੋਵੇਂ। ‡ਅਣਖ।

**ਸਫਲ ਉਤਮ ਸੇਵਾ**—ਕੈਨੇਡਾ ਵਰਗੇ ਮਹਾਨ ਰੁਝੇਵੇਂ ਵਾਲੇ ਮੁਲਕ ਵਿਚ ਰਹਿ ਕੇ ਭਾਈ ਅਮਰ ਸਿੰਘ ਜੀ ਬੇਦਸ਼ਾ ਪਾਸੋਂ, ਸਤਿਗੁਰੂ ਸੱਚੇ ਪਾਤਸ਼ਾਹ ਨੇ ਪੌਣੇ ਨੌਂ ਸਾਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੦੧ ਸੰਪੂਰਨ ਸਹਿਜ ਪਾਠਾਂ ਦੀ ਮਹਾਨ ਸੇਵਾ ਲਈ ਹੈ। ਸਤਿਗੁਰੂ ਸੇਵਾ ਥਾਇਂ ਪਾਉਣ। ਸਭਨਾਂ ਗੁਰਸਿਖਾਂ ਨੂੰ ਸਤਿਗੁਰੂ ਜੀ ਅਜਿਹੀ ਸੇਵਾ ਦੇ ਚਾਉ-ਉਮਾਉ ਬਖਸ਼ਣ।



www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ (੧)

''ਨਦੀਆ ਵਾਹ ਵਿਛੁੰਨਿਆਂ ਮੇਲਾ ਸੰਜੋਗੀ ਰਾਮ ॥'' (ਪੰਨਾ ੪੩੯)

## ਭੂਮਿਕਾ ਵਜੋਂ ਆਰੰਭਕ ਸ਼ਬਦ–

ਗੁਰਮੁਖਿ ਪਰਉਕਾਰੀ ਵਿਰਲਾ ਆਇਆ ॥
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ॥
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ॥
ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ॥
ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ॥
ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥

ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੨

ਡਾਕਟਰ ਸੁਰਿੰਦਰ ਸਿੰਘ ਜੀ ਨੂੰ ਭਲਾ ਕਿਹੜਾ ਗੁਰੂ-ਪਿਆਰਾ ਨਹੀਂ ਜਾਣਦਾ। ਅੰਤਰ-ਆਤਮੇ, ਸਚੇ ਦਿਲੋਂ ਜਿਥੋਂ ਡਾਕਟਰ ਜੀ ਨੂੰ ਸਦੜਾ ਪੁਜਦਾ, ਮੀਲਾਂ ਦਾ ਪਧ ਮਿੰਟਾਂ ਸਕਿੰਟਾਂ ਵਿਚ ਮੁਕਾ ਕੇ ਆਪ ਉਥੇ ਪੁਜਦੇ। ਅੱਜ ਉਹ ਸਾਥੋਂ ਵਿਛੜ ਗਏ ਹਨ। ਉਹ ਤਾਂ ਵਾਹਿਗੁਰੂ ਪਿਤਾ ਜੀ ਦੀ ਗੋਦੀ ਵਿਚ ਜਾ ਬਿਰਾਜੇ ਹਨ, ਪਰ ਉਨ੍ਹਾਂ ਦਾ ਵਿਛੋੜਾ ਅਨੁਭਵ ਕਰਕੇ ਮਨਾਂ ਵਿਚ ਬੈਰਾਗ ਦਾ ਹੜ ਆ ਜਾਂਦਾ ਹੈ। ਅਸੀਂ ਉਨ੍ਹਾਂ ਦੀਆਂ ਪਹੁੰਚਣੀਆਂ ਨੂੰ ਕਿਵੇਂ ਪਹੁੰਚ ਸਕਦੇ ਹਾਂ, ਜਦ ਕਿ ਅਸੀਂ ਆਪਣੀਆਂ ਕਰਨੀਆਂ ਕਰਕੇ ਰੋਮ ਰੋਮ ਅਪਰਾਧੀ ਹਾਂ।

ਡਾਕਟਰ ਜੀ ਆਪਣੇ ਸੱਜਣਾਂ ਸਖਿਆਂ ਨੂੰ ਤਾਂ ਇਸ਼ਾਰੇ ਮਾਤਰ ਕਈ ਵੇਰਾਂ ਦੱਸ ਦਿਆ ਕਰਦੇ ਸਨ ਕਿ ''ਨਦੀ ਨਾਵ ਸੰਜੋਗੁ ਮੇਲੁ ਮਿਲਾਇਆ*'', ਤਿਲ ਥੋੜੜੇ ਹੀ ਬਾਕੀ ਹਨ। ਪਰ ਇਹ ਯਕੀਨ ਹੀ ਨਹੀਂ ਬੱਝਦਾ ਸੀ ਅਤੇ ਨਾ ਹੀ ਅਜੇ ਤੱਕ ਮੰਨਣ ਵਿਚ ਆਉਂਦਾ ਹੈ ਕਿ ਠੀਕ ਹੀ ਉਹ ਸਾਥੋਂ ਸਦੀਵੀ ਵਿਛੋੜ ਗਏ ਹਨ। ਡਾਕਟਰ ਜੀ ਦੀ ਸੇਹਤ ਬੜੀ ਹੀ ਸਵੱਸਥ ਤੇ ਚੰਗੀ ਹੁੰਦੀ ਸੀ, ਪਰ ਜਦੋਂ ਧੁਰ ਦੇ ਸਦੜੇ ਆਉਂਦੇ ਹਨ, **ਉਦੋਂ ਵਡੀਆਂ ਸੇਹਤਾਂ ਅਤੇ ਰਿਸ਼ਟ-ਪੁਸ਼ਟਤਾਈਆਂ** ਸਭ ਲਾਚਾਰ ਹੋ ਜਾਂਦੀਆਂ ਹਨ। ਇਹਨਾਂ ਦਾ ਫੁਰਤੀਲਾ ਸਰੀਰ ਇਤਨਾ ਹਲਕਾ ਸੀ ਕਿ ਤੁਰਦੇ ਫਿਰਦੇ ਇੰਜ ਜਾਪਦੇ ਸਨ ਜਿਵੇਂ ਜ਼ਮੀਨ ਉਪਰ ਉੜ ਰਹੇ ਹਨ। ਹੁਣ ਜਦੋਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਬਾਬਾ ਬੁੱਢਾ ਜੀ ਦੀ ਬੇਰ ਪਾਸੋਂ ਗੁਜ਼ਰਦੇ ਹਾਂ ਤਾਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਡਾਕਟਰ ਜੀ ਸਚ ਮੁਚ ਉਥੇ ਬੈਠੇ ਸਜ ਰਹੇ ਹਨ। ਪਰ ਜਦੋਂ ਸੋਚ ਨੂੰ ਹੋਰ ਅੱਗੇ ਤੋਰੀਦਾ ਹੈ ਤਾਂ ਯਾਦ ਸਪਸ਼ਟ ਹੋ ਜਾਂਦੀ ਹੈ ਕਿ ਡਾਕਟਰ ਜੀ ਤਾਂ ੧੪ ਮਈ ੧੯੮੩ ਸ਼ਨਿਚਰਵਾਰ ਨੂੰ ਸਚਖੰਡ ਜਾ ਪਧਾਰੇ ਹਨ।

ਕੀ ਹੁਣ ਕੀਰਤਨ-ਮੰਡਲਾਂ ਵਿਚ ਡਾਕਟਰ ਜੀ ਹੋਰਾਂ ਦੇ ਦਰਸ਼ਨ ਦੀਦਾਰੇ ਨਹੀਂ ਹੋਣਗੇ ! ਹਿਰਦੇ ਵਿਚੋਂ ਇਕ ਹੂਕ ਨਿਕਲ ਕੇ ਰਹਿ ਜਾਂਦੀ ਹੈ। ਡਾਕਟਰ ਸਾਹਿਬ ਆਮ ਤੌਰ ਤੇ ਸੰਗਤਾਂ ਵਿਚ ਸਭ ਤੋਂ ਪਿਛੇ ਜਿਹੇ ਜੋੜਿਆਂ ਦੇ ਲਾਗੇ ਹੀ ਬੈਠਿਆਂ ਕਰਦੇ ਸਨ। ਸੰਗਤ ਵਿਚ ਇਸ ਤਰ੍ਹਾਂ ਬੈਠਦੇ, ਜਿਥੋਂ ਕਿ ਕਿਸੇ ਨੂੰ ਦਿਸ ਨਾ ਸਕਣ। ਸ੍ਰੀ ਮਾਨ ਬਾਊ ਮੱਲ ਸਿੰਘ ਜੀ ਨੇ ਉਚੀ ਆਵਾਜ਼ ਵਿਚ ਸੱਦ ਦੇਣੀ ਤਾਂ ਮਲਕੜੇ ਜਿਹੇ ਆ ਕੇ ਵਾਜੇ ਦੀਆਂ ਸੁਰਾਂ ਨਾਲ ਜੁੜ ਜਾਣਾ। ਕੀਰਤਨ ਕਰਦੇ ਹੋਏ ਮਹੀਨ ਸੁਰ ਦੀਆਂ ਅਖੰਡ ਧੁਨੀਆਂ ਡਾਕਟਰ ਜੀ ਦੇ ਮੁਖਾਰਬਿੰਦ ਤੋਂ ਨਿਕਲਦੀਆਂ, ਦਿਲ ਚੀਰਦੀਆਂ ਜਾਂਦੀਆਂ ਸਨ। ਮਹੀਨ ਤੋਂ ਮਹੀਨ

*ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੮



www.AKJ.Org

ਸੁਰ ਸਪੱਸ਼ਟ ਆਵਾਜ਼ ਵਿਚ ਸਾਰੀ ਸੰਗਤ ਨੂੰ ਨਿਖਰਵੀਂ ਤੇ ਨਿਰਾਲੀ ਸੁਣਾਈ ਦਿੰਦੀ ਸੀ। ਐਸੇ ਵਜਦ ਵਿਚ ਕੀਰਤਨ ਕਰਨਾ ਕਿ ਸਿੱਖ ਸੰਗਤਾਂ ਦੇ ਦਿਲ ਹਿਲਾ ਦੇਣੇ। ਆਪ ਜੀ ਕੀਰਤਨ ਦੇ ਸੱਚੇ ਸੁਚੇ ਧਨੀ ਹੁੰਦਿਆਂ ਵੀ ਆਪਣੇ ਆਪ ਨੂੰ ਲੁਕੋਈ ਰਖਦੇ ਸਨ। ਅਖੰਡ ਕੀਰਤਨੀ ਜਥੇ ਦੇ ਵਿਰਲੇ ਜਨਾਂ 'ਚੋਂ ਸਨ। ਆਪ ਨੇ ਮਤਵਾਲੇ ਜੋਗੀਆਂ ਦੀ ਤਰ੍ਹਾਂ ਪੂਰਨ ਸਾਵਧਾਨਤਾ ਨਾਲ ਕੀਰਤਨ ਕਰਨਾ ਅਤੇ ਕੀਰਤਨ ਕਰਦਿਆਂ ਵਾਜੇ ਦੀਆਂ ਮਿਠੀਆਂ ਸੁਰਾਂ ਉਪਰ ਇਉਂ ਮਸਤੁਲ ਮਸਤ ਹੋ ਜਾਣਾ, ਜਿਵੇਂ ਕੋਈ ਸੱਪ ਬੀਨ ਦੀ ਧੁਨੀ-ਸੁਤ ਉਤੇ ਮੋਹਲਦਾ ਆਪਣਾ ਆਪ ਭੁਲ ਜਾਂਦਾ ਹੈ। ਇਹਨਾਂ ਦੀ ਆਵਾਜ਼ ਉਂਜ ਹੀ ਬੜੀ ਪਿਆਰੀ ਸੀ, ਪਰ ਜਦੋਂ ਰੰਗਾਂ ਵਿਚ ਆ ਜਾਂਦੇ ਤਾਂ ਅਵਾਜ਼ ਹੋਰ ਵੀ ਪਿਆਰੀ ਤੇ ਦਿਲ-ਖਿਚਵੀਂ ਹੋ ਜਾਂਦੀ। ਕੀਰਤਨ ਕਰਦਿਆਂ ਬਾਣੀ ਦੇ ਭਾਵ ਨੂੰ ਖੂਬ ਸਮਝਣਾ ਤੇ ਸਮਝ ਸਮਝ ਕੇ ਉਪਰ ਨੂੰ ਚੜ੍ਹਨਾ, ਤੇ ਚੜ੍ਹਦੇ ਹੀ ਜਾਣਾ। ਜਦੋਂ ਵੀ ਸ਼ਬਦ ਲੈਂਦੇ ਸਨ, ਨਿਰੇ ਵੈਰਾਗ-ਮਈ ਹੀ ਸ਼ਬਦ ਲੈਂਦੇ ਸਨ ਤੇ ਪ੍ਰੇਮ-ਵੈਰਾਗ ਵਿਚ ਭਿਜ ਭਿਜ ਕੇ ਐਸਾ ਵੈਰਾਗ ਭਰਿਆ ਕੀਰਤਨ ਕਰਨਾ ਕਿ ਇਹਨਾਂ ਦੀਆਂ ਆਪਣੀਆਂ ਅੱਖੜੀਆਂ ਭੀ ਨੀਰੋ ਨੀਰ ਹੋ ਕੇ ਵੈਰਾਗ ਨਾਲ ਵਹਿ ਤੁਰਨੀਆਂ। ਡਾਕਟਰ ਜੀ ਭਜਨ-ਅਭਿਆਸ ਵਿਚ ਸਦਾ ਅਰੂੜ ਰਹਿੰਦੇ, ਪਰ ਕਦੇ ਕਿਸੇ ਨੂੰ ਜ਼ਾਹਰ ਨਹੀਂ ਸਨ ਹੁੰਦੇ ਅਤੇ ਅੰਤਰ ਆਤਮੇ ਸਦਾ ਹੀ ਜੁੜੇ ਰਹਿੰਦੇ। ਅਕਾਲ ਪੁਰਖ ਦੀ ਜੋਤਿ-ਪ੍ਰਕਾਸ਼ ਦੇ ਦਰਸ਼ਨਾਂ ਦਾ ਝਲਕਾਰਾ ਜੋ ਇਹਨਾਂ ਦੇ ਚਿਹਰੇ ਉਤੇ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਦੇਖਿਆ-ਪਾਖਿਆ ਗਿਆ ਹੈ। ਉਹ ਸਦਾ ਹੀ ਵੈਰਾਗ ਮਈ ਦਸ਼ਾ ਵਿਚ ਗੜੂੰਦ ਰਿਹਾ ਕਰਦੇ।

ਆਪ ਜੀ ਨਿਸ਼ਕਾਮ ਸੇਵਾ ਦੇ ਪੁੰਜ ਅਤੇ ਪਰਉਪਕਾਰ ਦੇ ਨਿਰੇ ਪੁਤਲੇ ਸਨ। ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ ਪੰਗਤੀਆਂ ਡਾਕਟਰ ਜੀ ਦੀ ਅਵਸਥਾ ਨਾਲ ਇੰਨ ਬਿੰਨ ਢੁਕਦੀਆਂ ਹਨ :—

ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣਿ ਜੁ ਹੋਇ ਨਿਤਾਣਾ॥
ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ॥
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ॥
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ॥
ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗੁ ਦੇਖਿ ਲੁਭਾਣਾ॥
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ॥
ਦੀਨ ਦੁਨੀ ਦਰਗਹ ਪਰਵਾਣਾ॥੩॥ (੧੨)

ਆਪ ਜੀ ਆਤਮ-ਬਲ ਵਿਚ ਹੁੰਦੇ ਹੋਏ ਵੀ ਅਪਣੇ ਆਤਮ ਬਲ ਦਾ ਰੰਚਕ ਮਾਤਰ ਵੀ ਇਜ਼ਹਾਰ ਨਹੀਂ ਸਨ ਕਰਦੇ। ਉਹਨਾਂ ਦੀ ਮਾਣ-ਮਹੱਤਤਾ ਛੋਟੀ ਉਮਰ ਵਿਚ ਵੀ ਵਡ-ਵਡੇਰੀ ਹੀ ਸੀ। ਡਾਕਟਰ ਜੀ ਦਾ ਸਾਰੇ ਹੀ ਬੜਾ ਸਤਿਕਾਰ ਕਰਦੇ ਸਨ, ਪਰ ਇਤਨੇ ਮਾਣ ਦੇ ਹੁੰਦਿਆਂ ਵੀ ਨਿਮਾਣੇ ਹੀ ਰਹਿੰਦੇ ਸਨ। ਸੰਸਾਰੀ ਸਿਆਣਪ ਤਾਂ ਉਹਨਾਂ ਦੇ ਨੇੜੇ ਹੀ ਨਹੀਂ ਢੁਕਦੀ ਸੀ। ਗੁਰਮਤਿ ਗੁਣਾਂ ਕਰਕੇ ਆਪ ਜੀ ਬਹੁਤ ਹੀ ਦਾਨੇ ਬੀਨੇ ਸਨ, ਮਾਨੋ ਅਕਲਾਂ ਦੇ ਕੋਟ ਹੀ ਸਨ।

ਆਪ ਜੀ ਛੋਟੇ ਬੱਚੇ-ਬੱਚੀਆਂ ਨਾਲ ਮਿਲ ਕੇ ਉਨ੍ਹਾਂ ਨਾਲ ਇਸ ਤਰ੍ਹਾਂ ਘੁਲ-ਮਿਲ ਜਾਂਦੇ ਕਿ ਘੰਟਿਆਂ ਬਧੀ ਉਨ੍ਹਾਂ ਨਾਲ ਗੱਲਾਂ ਬਾਤਾਂ ਕਰਦੇ ਰਹਿਣਾ ਅਤੇ ਹਸਦੇ ਖੇਡਦੇ ਰਹਿਣਾ। ਨਿਆਣਿਆਂ ਵਿਚ ਬੈਠ ਕੇ ਆਪ ਜੀ ਬਹੁਤ ਹੀ ਖੁਸ਼ ਹੁੰਦੇ ਸਨ। ਨਿਆਣਿਆਂ ਵਾਲਾ ਹੀ ਆਪ ਦਾ ਬੋਲ ਬੁਲਾਉ, ਨਿਆਣਿਆਂ ਵਾਲਾ ਹੀ ਕਦਰ ਕਦਰਾਉ ਸੀ। ਸੱਚ ਮੁਚ ਹੀ ਨਿਆਣਿਆਂ ਵਾਂਗੂ ਹੀ ਬੋਲਦੇ ਚਾਲਦੇ ਸਨ। ਕਈ ਕਈ ਵਾਰੀ ਤਾਂ ਬੱਚਿਆਂ ਵਾਂਗ ਹੀ ਬੜਾ ਹੀ ਮਿਠ-ਬੋਲੜਾ ਜਿਹਾ ਬੋਲ ਬੋਲਦੇ ਸਨ। ਸਿਆਣਿਆਂ ਵਾਲੀ ਮੱਤ, ਪਰੰਤੂ ਨਿਆਣਿਆਂ ਵਾਲਾ ਵਤੀਰਾ ਰਖਦੇ ਸਨ।


www.AKJ.Org

ਡਾਕਟਰ ਜੀ ਹੋਰੀਂ ਬਹੁਤਾ ਕਰਕੇ ਮੋਨ, ਮਤਵਾਲੀ ਦਸ਼ਾ ਵਿਚ ਹੀ ਅਨੰਦ ਮਗਨ ਰਹਿੰਦੇ। ਦੁਨੀਆ-ਦਾਰੀ ਦਾ ਤਾਂ ਆਪ ਜੀ ਨੂੰ ਲੇਪ-ਛੇਪ ਹੀ ਨਹੀਂ ਸੀ। ਸੰਸਾਰੀ ਕੁਟੰਬੀਆਂ ਦੀ ਮੋਹ-ਮਮਤਾ ਵਲੋਂ ਆਪ ਜੀ ਬਿਲਕੁਲ ਵਿਰੱਕਤ ਸਨ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਖੇ ਬਾਬਾ ਬੁਢਾ ਜੀ ਦੀ ਬੇਰ ਪਾਸ ਬਿਰ ਜਮਾਨ ਹੋਇਆ ਕਰਦੇ ਸਨ। ਸਾਰੀ ਰਾਤ ਗੁਪਤ ਬੈਠਿਆਂ ਵਿਹਾਉਣੀ, ਪਰ ਕਿਸੇ ਨੂੰ ਜਣਾਉਣਾ ਜਾਂ ਵਿਖਾਉਣਾ ਤਕ ਨਹੀਂ। ਇਉਂ ਦਰਸ਼ਨਾਂ ਵਿਚ ਵਿਗਸ ਵਿਗਸ ਕੇ ਵਾਰਨੇ ਬਲਿਹਾਰਨੇ ਹੁੰਦੇ ਜਾਣਾ ਅਤੇ ਅਨੰਦ ਮਾਨਣਾ। ਵਿਗਸਾਉ ਭੀ ਅਜਿਹਾ ਕਿ ਕਦੇ ਉਤਰਾਉ ਵਿਚ ਆਉਣਾ ਹੀ ਨਹੀਂ। ਐਸਾ ਖੇੜਾ ਖਿੜਿਆ ਰਹਿਣਾ ਕਿ ਕਦੇ ਮੱਥੇ ਤੇ ਤਿਊੜੀ ਆਉਣੀ ਹੀ ਨਹੀਂ। ਸਾਨੂੰ ਢਿਲੜਾਂ ਨੂੰ ਕਦੇ ਜੇ ਆਪ ਨੇ ਝਿੜਕ ਵੀ ਮਾਰਨੀ ਤਾਂ ਵੀ ਮੱਥੇ ਦਾ ਖਿੜਾਉ, ਟਿਕਾਉ, ਓਵੇਂ ਹੀ ਰਹਿਣਾ।

ਪ੍ਰੇਮ ਪਿਆਲਾ ਚੁਪ-ਚੁਪੀਤੇ ਪੀਣ ਵਾਲੇ ਗਟਾਕ-ਰਸੀਆਂ ਵਿਚੋਂ, ਇਕ ਅਤਿ ਮਤਵਾਲੇ ਨਾਮ ਰਸੀਏ ਤੇ ਪ੍ਰੇਮ ਦੇ ਪੁੰਜ ਸਨ। ਆਪ ਜੀ ਗੂੰਗੇ ਦੇ ਗੁੜ ਖਾਣ ਵਤ ਹਰਦਮ ਮਸਤ ਹੋਏ ਹੀ ਦਿਸਦੇ ਸਨ।

ਡਾਕਟਰ ਜੀ ਦੀ ਅਸੂਲ-ਪ੍ਰਸਤੀ ਤੇ ਉਚ ਆਚਰਨ ਆਦਿ ਦੇ ਗੁਣ ਮੰਨੇ ਪ੍ਰਮੰਨੇ ਹੋਏ ਸਨ। ਇਹਨਾਂ ਦੇ ਬਚਨਾਂ ਚੋਂ ਤੱਤ ਗੁਰਮਤਿ ਦਾ ਝਲਕਾਰਾ ਨਿਖੜ ਨਿਖੜ ਪੈਂਦਾ ਸੀ। ਆਪ ਜੀ ਇਤਿਹਾਸਕ ਗੁਰ-ਦੁਆਰਿਆਂ ਦੇ ਭੌਰੇ ਸਨ। ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਕਰ ਕਰ ਕੇ ਖੀਵੇ ਹੋ ਹੋ ਰਹਿਣਾ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਰਾਤ ਇਸ਼ਨਾਨ ਦੀ ਸੇਵਾ ਵਿਚ ਆਪ ਜੀ ਸਦਾ ਤਤਪਰ ਵੇਖੇ ਜਾਂਦੇ ਸਨ। ਜਦੋਂ ਕਿਤੇ ਦਿੱਲੀ ਜਾਣਾ ਤਾਂ ਬੰਗਲਾ ਸਾਹਿਬ ਵਿਖੇ ਸੇਵਾ ਨਿਭਾਉਂਦੇ ਸਨ।

ਆਪ ਜੀ ਦਾ ਗੁਰਸਿਖਾਂ ਨਾਲ ਅਥਾਹ ਪਿਆਰ ਸੀ। ਜ਼ਮਾਨੇ ਢਲ ਜਾਣਗੇ, ਜਵਾਨੀਆਂ ਢਲ ਜਾਣਗੀਆਂ, ਪਰ ਡਾਕਟਰ ਜੀ ਦੀਆਂ ਪ੍ਰੇਮ ਯਾਦਾਂ ਕਦੇ ਨਹੀਂ ਢਲਣਗੀਆਂ, ਸਦਾ ਹਿਰਦੇ ਤੇ ਉਕਰੀਆਂ ਰਹਿਣਣੀਆਂ। ਆਪ ਜੀ ਦੀ ਪਵਿਤਰ ਰੂਹ, ਰੰਗ-ਰਤੜੀਆਂ ਦਿਬਯ ਰੂਹਾਂ ਦੇ ਸੰਗ ਸਾਥ ਪ੍ਰਸਪਰ ਰੰਗ-ਰਲੀਆਂ ਮਾਣ ਰਹੀ ਹੋਵੇਗੀ, ਪਰ–

ਇਕਿ ਸੰਗਿ ਹਰਿ ਕੈ ਕਰਹਿ ਰਲੀਆ, ਹਉ ਪੁਕਾਰੀ ਦਰਿ ਖਲੀ ॥ (੪੩੬)

ਉਹ ਤਾਂ ਰੰਗਾਂ ਵਿਚ ਰੰਗੇ ਗਏ, ਅਗਾਂਹ ਕੂ ਤ੍ਰਾਂਘ ਗਏ। ਅਗਾਂਹ ਕੂ ਤ੍ਰਾਂਘਣ ਵਾਲੇ ਪਿਛਾਂਹ ਨੂੰ ਮੋੜਾ ਫੇਰ ਕੇ ਕਦੋਂ ਤਕਦੇ ਹਨ! ਸੋਹਣੇ ਤੁਰ ਗਏ, ਅਤੇ ਉਹ ਸੋਹਣੇ ਆਤਮ-ਰੰਗਾਂ ਤੇ ਨਾਮ-ਤਰੰਗਾਂ ਵਿਚ ਠਾਠਾਂ ਮਾਰਦੇ ਹੀ ਗਏ।

ਜੀਵਨ-ਯਾਦਾਂ ਅਗਲੇ ਪਰਚੇ ਵਿਚ

---

## ਦਿਆਲਪੁਰ ਵਿਖੇ ਸਾਲਾਨਾ ਸਮਾਗਮ, ਗੁਰਬਾਣੀ ਦੇ ਪ੍ਰਵਾਹ ਤੇ ਅਖੰਡ ਕੀਰਤਨ

ਦਿਆਲਪੁਰ ਵਿਖੇ ੧੭ ਸਤੰਬਰ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ੩ ਤੋਂ ੫ ਤਕ ਆਸਾ ਦੀ ਵਾਰ ਕੀਰਤਨ ਤੋਂ ਉਪਰੰਤ ਸ੍ਰੀ ਅਖੰਡਪਾਠ ਹੋ ਕੇ ੧ ਅਕਤੂਬਰ ਸ਼ਨੀਵਾਰ ਤਕ ਇਹ ਲੜੀ ਚਲਦੀ ਰਹੇਗੀ। ਪਹਿਲੀ ਅਕਤੂਬਰ ਨੂੰ ਪੰਜ ਵਜੇ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ, ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

ਦਾਸਰੇ—ਸੰਗਤ ਇਲਾਕਾ ਦਿਆਲਪੁਰ

## ਮੌਜੂਦਾ ਸ਼ਹੀਦਾਂ ਦੀ ਯਾਦ ਪਿੰਡ ਫਤੇਪੁਰ ਵਿਚ ਕੀਰਤਨ ਸਮਾਗਮ

ਭਾਈ ਅਮੋਲਕ ਸਿੰਘ ਜੀ ਬਿਨੈ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ਸਹਿਜ ਪਾਠ ਦੇ ਭੋਗ ਅਤੇ ਕੀਰਤਨ-ਅਖਾੜੇ ੪ ਸਤੰਬਰ ਅਤਵਾਰ ਸਵੇਰੇ ੫ ਤੋਂ ੧੨ ਵਜੇ ਤਕ ਸਜਣਗੇ। ਕੀਰਤਨ ਦੇ ਰਸੀਏ, ਆਸ਼ਕ ਆਇ ਦੀਦਾਰ ਬਖਸ਼ੋ ਜੀ ਅਤੇ ਕੀਰਤਨ-ਧੁਨੀਆਂ ਗੁੰਜਾ ਕੇ ਸ਼ਹੀਦਾਂ ਨੂੰ ਸ਼ਰਧਾ ਭੇਟ ਕਰੋ ਜੀ। ਪਿੰਡ ਫਤੇਪੁਰ ਆਦਮਪੁਰ (ਜਲੰਧਰ) ਤੋਂ ਇਕ ਕਿਲੋ ਮੀਟਰ ਹੁਸ਼ਿਆਰਪੁਰ ਵਾਲੀ ਸੜਕ ਤੇ ਹੈ।



www.AKJ.Org

# ਸਿਖ-ਮੰਗਾਂ ਤੇ ਸਰਕਾਰ

[ਸ: ਖੁਸ਼ਵੰਤ ਸਿੰਘ ਦੀ ਰਾਜ ਸਭਾ ਵਿਚਲੀ ਤਕਰੀਰ]

ਇਸ ਤਰ੍ਹਾਂ ਜਾਪੇਗਾ, ਜਿਵੇਂ ਅਸੀਂ ਗ੍ਰਾਮੋਫ਼ੋਨ ਰਿਕਾਰਡ ਦੀ ਸੂਈ ਹੋਈਏ ਤੇ ਰਿਕਾਰਡ ਦੀਆਂ ਲਕੀਰਾਂ ਵਿਚ ਫਸੇ ਹੋਏ ਬੋਲ ਰਹੇ ਹੋਈਏ। ਆਸਾਮ ਸੰਬੰਧੀ ਵੀ ਇਸੇ ਤਰ੍ਹਾਂ ਹੀ ਹੈ। ਸਰਕਾਰੀ ਬਿਆਨਾਂ ਵਿਚ ਵੀ ਤੇ ਅਪੋਜ਼ੀਸ਼ਨ ਅਤੇ ਸਾਡੇ ਸਾਰਿਆਂ ਵਲੋਂ ਵੀ ਡੇਢ ਸਾਲ ਤੋਂ ਇਕੋ ਗੱਲ ਬਾਰ ਬਾਰ ਆਖੀ ਜਾ ਰਹੀ ਹੈ। ਮੈਨੂੰ ਉਮੀਦ ਹੈ ਕਿ ਹੁਣ ਕੋਈ ਵਿਅਕਤੀ ਸਰਕਾਰ ਵਲੋਂ ਜਾ ਅਪੋਜ਼ੀਸ਼ਨ ਵਲੋਂ ਰਿਕਾਰਡ ਦੀ ਇਸ ਸੂਈ ਨੂੰ ਕਿਤੇ ਹੋਰ ਥਾਂ ਤੇ ਰੱਖ ਕੇ ਬੋਲੇਗਾ ਤੇ ਕੋਈ ਵਧੇਰੇ ਅਰਥਪੂਰਣ ਗੱਲ ਕਰੇਗਾ।

ਸਪੱਸ਼ਟ ਰੂਪ ਵਿਚ, ਇਸ ਸਾਰੀ ਸਮੱਸਿਆ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਉੱਪਰ ਹੀ ਆਉਂਦੀ ਹੈ। ਮੈਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਪੰਜਾਬ ਦੇ ਮੁਖ ਮੰਤਰੀ ਅਤੇ ਰਾਜੀਵ ਗਾਂਧੀ ਦੇ ਬਿਆਨਾਂ ਨੂੰ ਭਰੋਸੇ ਯੋਗ ਮੰਨ ਕੇ ਗ੍ਰਾਮੋਫ਼ੋਨ ਰਿਕਾਰਡ ਨੂੰ ਸਿੱਧਾ ਕਰਨ ਲਈ ਕੁਝ ਨਿਮਨਲਿਖਤ ਟਿੱਪਣੀਆਂ ਕਰਾਂਗਾ। ਪ੍ਰਧਾਨ ਮੰਤਰੀ ਨੇ ਇਹ ਗੱਲ ਕਈ ਵਾਰ ਕਹੀ ਏ ਕਿ ਅਕਾਲੀ ਆਪਣੀਆਂ ਮੰਗਾ ਵਧਾ ਰਹੇ ਹਨ। ਜਿਥੋਂ ਤੱਕ ਮੈਨੂੰ ਗਿਆਨ ਹੈ, ਅਕਾਲੀਆਂ ਨੇ ਆਪਣੀਆਂ ੪੫ ਮੰਗਾਂ ਦੀ ਸੰਖੇਪ ਲਿਸਟ ਤਿਆਰ ਕੀਤੀ ਸੀ ਤੇ ਅੱਜ ਤੀਕ ਉਨ੍ਹਾਂ ਨੇ ਇਨ੍ਹਾਂ ੪੫ ਮੰਗਾਂ ਵਿਚ ਇਕ ਵੀ ਹੋਰ ਮੰਗ ਦਾ ਵਾਧਾ ਨਹੀਂ ਕੀਤਾ। ਇਹ ਵੀ ਕਿਹਾ ਗਿਆ ਹੈ ਕਿ ਅਕਾਲੀਆਂ ਦੀਆਂ ਧਾਰਮਿਕ ਮੰਗਾਂ ਮੰਨ ਲਈਆਂ ਗਈਆਂ ਹਨ। ਠੀਕ ਹੈ, ਦੋ-ਤਿੰਨ ਮਮੂਲੀ ਜਿਹੀਆਂ ਮੰਗਾਂ ਜ਼ਰੂਰ ਮੰਨੀਆਂ ਗਈਆਂ ਹਨ*। ਲੇਕਿਨ ਇਕ ਮੁੱਢਲੀ ਮੰਗ, ਜੋ ਸਰਬ ਹਿੰਦ ਗੁਰਦੁਆਰਾ ਐਕਟ ਸੰਬੰਧੀ ਹੈ, ਹਵਾ ਵਿਚ ਹੀ ਲਟਕ ਰਹੀ ਹੈ। ਹਰ ਵਾਰ ਸਾਨੂੰ ਇਹ ਗੱਲ ਕਹਿ ਦਿੱਤੀ ਜਾਂਦੀ ਹੈ ਕਿ ਇਸ ਐਕਟ ਸੰਬੰਧੀ ਰਾਜਾਂ ਨਾਲ ਮਸ਼ਵਰੇ ਕੀਤੇ ਜਾ ਰਹੇ ਹਨ। ਜਿਵੇਂ ਕਿ ਮੇਰੇ ਦੋਸਤ ਹਰਕਿਸ਼ਨ ਸਿੰਘ ਸੁਰਜੀਤ ਨੇ ਦੱਸਿਆ ਹੈ ਕਿ ਸਾਰੇ ਮੁੱਖ ਗੁਰਦੁਆਰੇ ਇਸ ਐਕਟ ਸੰਬੰਧੀ ਸਹਿਮਤ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਫਿਰ ਇਸ (ਐਕਟ) ਦੇ (ਲਾਗੂ ਕਰਨ) ਵਿਚ ਇਤਨਾ ਸਮਾਂ ਕਿਉਂ ਲੱਗ ਰਿਹਾ ਹੈ। ਮੈਨੂੰ ਇਸ ਗੱਲ ਦਾ ਪਤਾ ਏ ਕਿ ਸਾਡਾ ਟੈਲੀਫ਼ੋਨ ਦਾ ਸਿਸਟਮ ਬਹੁਤ ਖਰਾਬ ਹੈ। ਲੇਕਿਨ, ਨਿਸਚੇ ਹੀ, ਇਸ ਸੰਬੰਧੀ ਰਾਜਾਂ ਦਾ ਪ੍ਰਤਿਕਰਮ ਲੈਣ ਲਈ ਡੇਢ ਸਾਲ ਦਾ ਸਮਾਂ ਤਾਂ ਨਹੀਂ ਲੱਗ ਸਕਦਾ, ਖਾਸ ਕਰਕੇ ਜਦੋਂ ਕਿ ਇਸ (ਐਕਟ) ਦਾ ਸੰਬੰਧ ਕੇਵਲ ਸਿਖਾਂ ਨਾਲ ਹੀ ਹੋਵੇ।

ਗੁਰਦੁਆਰਿਆਂ ਵਿਚ ਦੋਸ਼ੀਆਂ ਨੂੰ ਪਨਾਹ ਦੇਣ ਸੰਬੰਧੀ ਬਹੁਤ ਕੁਝ ਕਿਹਾ ਜਾ ਚੁੱਕਾ ਹੈ। ਗ੍ਰਹਿ ਮੰਤਰੀ ਜੀ! ਜੇ ਤੁਹਾਡੇ ਪਾਸ ਦਰਬਾਰ ਸਾਹਿਬ ਵਿਚ ਦੋਸ਼ੀਆਂ ਦੇ ਲੁਕੇ ਹੋਣ ਦਾ ਕੋਈ ਠੋਸ ਸਬੂਤ ਹੈ ਤਾਂ ਤੁਹਾਨੂੰ ਇਹ ਸਬੂਤ ਹਾਊਸ ਵਿਚ ਪੇਸ਼ ਕਰਨਾ ਚਾਹੀਦਾ ਹੈ। ਇਕ ਵਾਰ ਅਕਾਲੀ ਦਲ ਨੂੰ ੪੦ ਆਦਮੀਆਂ ਦੀ ਇਕ ਸੂਚੀ ਦਿੱਤੀ ਗਈ ਸੀ। ਪਤਾ ਲੱਗਾ ਸੀ ਕਿ ਇਨ੍ਹਾਂ ਚਾਲ੍ਹੀਆਂ ਵਿਚੋਂ ਚਾਰ ਤਾਂ ਇਸ ਦੇਸ ਵਿਚ ਹੀ ਨਹੀਂ ਰਹਿ ਰਹੇ, ਭਾਵ ਉਹ ਵਿਦੇਸ਼ਾਂ ਵਿਚ ਰਹਿ ਰਹੇ ਹਨ।

ਜੇ ਤੁਸੀਂ ਦਰਬਾਰ ਸਾਹਿਬ ਗਏ ਹੋਵੋ, (ਮੈਨੂੰ ਪਤਾ ਹੈ ਕਿ ਤੁਸੀਂ ਗਏ ਹੋ) ਤਾਂ ਤੁਹਾਨੂੰ ਪਤਾ ਹੋਵੇਗਾ ਕਿ ਦਰਬਾਰ ਸਾਹਿਬ ਦੇ ਅੰਦਰ ਜਾਣ ਲਈ ਕਈ ਰਸਤੇ ਹਨ। ਹਰ ਰਸਤੇ ਤੇ ਭਾਰੀ ਗਿਣਤੀ ਵਿਚ ਸ਼ਸਤਰ-ਬੱਧ ਪੁਲੀਸ ਅਤੇ ਸਕਿਉਰਟੀ-ਅਫਸਰ ਬੈਠੇ ਹੋਏ ਹੁੰਦੇ ਹਨ, ਤੇ ਜੋ ਫੋਟੋਆਂ ਰਾਹੀਂ ਤੇ ਨਿਜੀ ਪਛਾਣ ਰਾਹੀਂ ਦੋਸ਼ੀਆਂ ਨੂੰ ਪਛਾਣਦੇ ਵੀ ਹਨ। ਇਹ ਕਿਤਨੀ ਅਜੀਬ ਗੱਲ ਹੈ ਕਿ ਇਤਨੇ ਲੰਮੇ ਸਮੇਂ ਵਿਚ ਤੁਸੀਂ ਕਿਸੇ

* ਪਰ ਅਜ ਤਕ ਕਿਸੇ ਮੰਗ ਉਤੇ ਵੀ ਕੋਈ ਅਮਲ ਦਰਾਮਦ ਨਹੀਂ ਹੋਇਆ। (ਸੰਪਾਦਕ)



www.AKJ.Org

ਇਕ ਦੋਸ਼ੀ ਨੂੰ ਵੀ ਉਥੋਂ ਕਾਬੂ ਨਹੀਂ ਕਰ ਸਕੇ। ਤੁਹਾਡੀ ਸਰਕਾਰ ਤੇ ਪੁਲੀਸ ਕੀ ਹੋਈ, ਜੇ ਪੁਲੀਸ ਦਾ ਇਕ ਵੱਡਾ ਅਫਸਰ ਦਰਬਾਰ ਸਾਹਿਬ ਦੇ ਗੇਟ ਦੇ ਬਾਹਰ ਮਾਰਿਆ ਜਾਵੇ ਤੇ ਦੋਸ਼ੀ ਚਿੱਟੇ ਦਿਨ ਵਿਚ ਭੱਜ ਜਾਵੇ ? ਤੁਹਾਡੇ ਪਾਸ ਸਾਨੂੰ ਦੇਣ ਲਈ ਸਬੂਤ ਤਾਂ ਇਹੀ ਹਨ ਕਿ ਦਰਬਾਰ ਸਾਹਿਬ ਦੀ ਕੁਵਰਤੋਂ ਹੋ ਰਹੀ ਹੈ ?

ਫਿਰ ਤੁਸੀਂ ਆਮ ਤੌਰ ਤੇ ਇਹ ਵੀ ਕਹਿੰਦੇ ਹੋ ਕਿ ਅਕਾਲੀ ਲੀਡਰਸ਼ਿਪ ਦਾ ਅਤਿਵਾਦੀਆਂ ਅਤੇ ਖਾਲਿਸਤਾਨੀਆਂ ਪ੍ਰਤੀ ਰਵੱਈਆ ਬਹੁਤ ਨਰਮ ਹੈ। ਮੈਂ ਮੰਨਦਾ ਹਾਂ ਕਿ ਕਿਸੇ ਸਮੇਂ ਉਨ੍ਹਾਂ ਦਾ ਰਵੱਈਆ ਨਰਮ ਹੀ ਸੀ। ਪਰ ਪਿਛਲੇ ਮਹੀਨਿਆਂ ਵਿਚ ਉਨ੍ਹਾਂ ਨੇ ਹਿੰਸਾ ਦੀਆਂ ਘਟਨਾਵਾਂ ਦੀ ਕੜੀ ਆਲੋਚਨਾ ਵੀ ਕੀਤੀ ਹੈ ਤੇ ਸਖ਼ਤ ਨਿਖੇਧੀ ਵੀ ਕੀਤੀ ਹੈ। ਤਾਜ਼ਾ ਰਿਪੋਰਟਾਂ ਵਿਚ ਬਦੇਸ਼ੀ ਹੱਥ ਦਾ ਰੌਲਾ ਪਾਇਆ ਜਾ ਰਿਹਾ ਹੈ। ਅਸੀਂ ਸਭ ਜਾਣਦੇ ਹਾਂ ਕਿ ਜਦੋਂ ਡਾਕਟਰ ਨੂੰ ਮਰੀਜ਼ ਦੇ ਰੋਗ ਦੀ ਪਛਾਣ ਨਾ ਹੋ ਸਕੇ ਤਾਂ ਉਹ ਆਮ ਤੌਰ ਤੇ ਇਹੀ ਕਹਿ ਦਿੰਦਾ ਹੈ ਕਿ ਇਸਨੂੰ ਜ਼ਹਿਰੀਲਾ ਬੁਖਾਰ ਚੜ੍ਹ ਗਿਆ ਹੈ। ਇਹੀ ਗੱਲ ਇਥੇ ਵਾਪਰ ਰਹੀ ਹੈ। ਜੇਕਰ ਅਸੀਂ ਕਿਸੇ ਦੀ ਜੜ੍ਹ ਨਾ ਲੱਭ ਸਕੀਏ ਤਾਂ ਅਸੀਂ ਉਸ ਪਿੱਛੇ ਸੀ. ਆਈ. ਏ. ਦਾ ਹੱਥ ਕਹਿ ਦਿੰਦੇ ਹਾਂ।

ਕਾਮਰੇਡ ਸੁਰਜੀਤ ਨੇ ਵੀ ਇਹੀ ਕਿਹਾ ਹੈ ਕਿ ਕੀ ਸਾਡੇ ਪਾਸ ਸੀ. ਆਈ. ਏ. ਦੇ ਹੱਥ ਹੋਣ ਦਾ ਕੋਈ ਸਬੂਤ ਵੀ ਹੈ ? ਅਤੇ ਹੁਣੇ ਹੁਣੇ ਇਹ ਵੀ ਕਿਹਾ ਗਿਆ ਹੈ ਕਿ ਪਾਕਿਸਤਾਨ ਨਿਹੰਗ ਬਣਾ ਰਿਹਾ ਹੈ ਜਾਂ ਮੁਸਲਮਾਨਾਂ ਨੂੰ ਨਿਹੰਗੀ ਬਾਣੇ ਵਿਚ ਪੰਜਾਬ ਭੇਜ ਰਿਹਾ ਹੈ। ਗ੍ਰਿਹ ਮੰਤਰੀ ਜੀਉ ! ਕੀ ਤੁਸੀਂ ਅਜਿਹੇ ਕਿਸੇ ਪਾਕਿਸਤਾਨੀ ਨਿਹੰਗ ਨੂੰ ਗ੍ਰਿਫਤਾਰ ਕੀਤਾ ਹੈ ?

ਜੇ ਤੁਸੀਂ ਗ੍ਰਿਫਤਾਰ ਕੀਤਾ ਹੈ ਤਾਂ ਕੀ ਤੁਸੀਂ ਜਾਣਦੇ ਹੋ ਕਿ ਮੁਸਲਿਮ ਨਿਹੰਗ ਨੂੰ ਗ਼ੈਰ-ਮੁਸਲਿਮ ਨਿਹੰਗ ਨਾਲੋਂ ਕਿਵੇਂ ਪਛਾਣਿਆ ਜਾ ਸਕਦਾ ਹੈ ? ਔਰਤਾਂ ਦੀ ਹਾਜ਼ਰੀ ਵਿਚ ਮੈਂ ਇਹ ਦੱਸਣਾ ਜ਼ਰੂਰੀ ਨਹੀਂ ਸਮਝਦਾ, ਵੈਸੇ ਮੈਂ ਇਹ ਦੱਸ ਸਕਦਾ ਹਾਂ ਕਿ ਮੁਸਲਿਮ ਨਿਹੰਗ ਨੂੰ ਦੂਸਰੇ ਨਿਹੰਗਾਂ ਵਿਚੋਂ ਕਿਵੇਂ ਲੱਭਿਆ ਜਾ ਸਕਦਾ ਹੈ। ਨੁਕਤਾ ਬੜਾ ਸਧਾਰਨ ਏ ਕਿ ਜਦੋਂ ਤੁਸੀਂ ਅਕਾਲੀਆਂ ਵਿਚ ਬਦੇਸ਼ੀ-ਏਜੰਟਾਂ ਦੇ ਘੁਸੜਨ ਦਾ ਵਿਅੰਗ ਕਰਦੇ ਹੋ ਤੇ ਇਨ੍ਹਾਂ ਏਜੰਟਾਂ ਦੁਆਰਾ ਅਕਾਲੀਆਂ ਦੇ ਪ੍ਰਭਾਵਤ ਹੋਣ ਦੀ ਗੱਲ ਕਰਦੇ ਹੋ ਤਾਂ ਤੁਸੀਂ ਵਿੰਗ ਟੇਢ ਨਾਲ ਬਗਾਵਤ ਹੋਣ ਦੀ ਗੱਲ ਕਰਦੇ ਹੋ। ਤੇ ਤੁਸੀਂ ਅਕਾਲੀਆਂ ਤੇ ਰਾਜ-ਦਰੋਹ ਦਾ ਇਲਜ਼ਾਮ ਲਗਾ ਰਹੇ ਹੁੰਦੇ ਹੋ। ਜਦ ਕਿ ਤੁਹਾਨੂੰ ਬੜੀ ਚੰਗੀ ਤਰ੍ਹਾਂ ਪਤਾ ਹੈ ਕਿ ਅਕਾਲੀ ਪਾਰਟੀ ਦੀ ਦੇਸ਼-ਭਗਤੀ ਤੇ ਕੁਰਬਾਨੀਆਂ ਦਾ ਰਿਕਾਰਡ ਤੁਹਾਡੀ ਪਾਰਟੀ ਤੇ ਅਪੋਜ਼ੀਸ਼ਨ ਪਾਰਟੀਆਂ ਦੀਆਂ ਕੁਲ ਕੁਰਬਾਨੀਆਂ ਨਾਲੋਂ ਕਿਤੇ ਜ਼ਿਆਦਾ ਵਡੇਰਾ ਹੈ।......

ਜਦੋਂ ਤੁਸੀਂ ਉਨ੍ਹਾਂ ਤੇ ਵਿੰਗ ਟੇਢ ਨਾਲ ਬਗਾਵਤ ਦਾ ਇਲਜ਼ਾਮ ਲਾਉਂਦੇ ਹੋ, ਤੇ ਫਿਰ ਮਾਨਯੋਗ ਸੇਠੀ ਜੀਉ, ਜਦੋਂ ਤੁਸੀਂ "ਸਰਕਾਰ ਵਲੋਂ ਦਰਵਾਜ਼ੇ ਹਮੇਸ਼ਾ ਖੁਲ੍ਹੇ ਹਨ" ਦੀ ਗੱਲ ਕਰਦੇ ਹੋ ਤਾਂ ਇਹ ਗ੍ਰਾਮੋਫੋਨ ਰਿਕਾਰਡ ਵਾਂਗ ਹੀ ਬੋਲਦੇ ਹੋ। ਸ੍ਵੈ-ਮਾਣ ਰੱਖਣ ਵਾਲਾ ਕਿਹੜਾ ਵਿਅਕਤੀ, ਜਿਸ ਉੱਪਰ ਬਗਾਵਤ ਦਾ ਦੋਸ਼ ਲਗਾਇਆ ਗਿਆ ਹੋਵੇ, ਇਨ੍ਹਾਂ ਦਰਵਾਜ਼ਿਆ ਨੂੰ ਪਾਰ ਕਰ ਸਕਦਾ ਹੈ, ਜਿਨ੍ਹਾਂ ਦੇ ਹਰ ਵਕਤ ਖੁਲ੍ਹੇ ਰਹਿਣ ਦੀ ਤੁਸੀਂ ਰਟ ਲਾਈ ਜਾ ਰਹੇ ਹੋ ?......

ਮਾਨਯੋਗ ਵਾਈਸ ਚੇਅਰਮੈਨ ਜੀਉ, ਹੁਣ ਤੱਕ ਮੈਂ ਜੋ ਕਿਹਾ ਹੈ, ਉਸਨੂੰ ਸੰਖੇਪ ਵਿਚ ਕਹਾਂਗਾ। ਕਿਰਪਾ ਕਰਕੇ ਪਾਣੀ ਸਿਰ ਤੋਂ ਨਾ ਲੰਘਣ ਦਿਓ। ਇਸ ਨਾਲ ਮੈਨੂੰ ਪ੍ਰੇਸ਼ਾਨੀ ਹੋ ਰਹੀ ਹੈ। ਮੁਖ ਰੂਪ ਵਿਚ, ਹੁਣ ਕੇਵਲ ਤਿੰਨ ਮਸਲੇ ਹੀ ਹੱਲ ਹੋਣੇ ਬਾਕੀ ਹਨ। ਪਹਿਲਾ ਹੱਦ-ਬੰਦੀ ਤੇ ਇਲਾਕਿਆਂ ਸੰਬੰਧੀ ਹੈ, ਦੂਸਰਾ ਹੈ ਦਰਿਆਈ ਪਾਣੀਆਂ ਦਾ ਮਸਲਾ ਤੇ ਤੀਜਾ ਮਸਲਾ, ਸਰਬ-ਹਿੰਦ ਗੁਰਦੁਆਰਾ ਐਕਟ ਦਾ ਹੈ। ਤੁਸਾਂ ਹੱਦ-ਬੰਦੀ ਸੰਬੰਧੀ ਇਕ ਕਮਿਸ਼ਨ ਬਣਾਉਣ ਦੀ ਵੀ ਪੇਸ਼ਕਸ਼ ਕੀਤੀ ਸੀ। ਪਰ ਮੈਂ ਨਹੀਂ ਸਮਝਦਾ ਕਿ ਇਹ


www.AKJ.Org

ਪੇਸ਼ਕਸ਼ ਨੇਕ-ਨੀਅਤੀ ਨਾਲ ਕੀਤੀ ਗਈ ਹੈ । ਇਕ ਵਾਰ ਇਹ ਗੱਲ ਪੂਰੀ ਤੈਅ ਹੋ ਚੁੱਕੀ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਣਾ ਹੈ । ਮੈਂ ਨਹੀਂ ਸਮਝਦਾ ਕਿ ਇਸ ਮਸਲੇ ਸੰਬੰਧੀ ਅਜੇ ਕੋਈ ਵਿਵਾਦ ਹੈ । ਇਹ ਵੀ ਸਪਸ਼ਟ ਹੀ ਹੈ ਕਿ ਭੂਗੋਲਿਕ ਤੇ ਇਤਿਹਾਸਕ ਕਾਰਨਾਂ ਕਰਕੇ ਤੁਸੀਂ ਅਬੋਹਰ ਤੇ ਫ਼ਾਜ਼ਿਲਕਾ ਨੂੰ ਵੀ ਪੰਜਾਬ ਤੋਂ ਵੱਖ ਨਹੀਂ ਕਰ ਸਕਦੇ । ਇਹ ਇਕੋ ਮੁਲਕ ਹੈ, ਤੇ ਇਸ ਵਿਚ ਸੌ ਮੀਲ ਦੇ ਕਰੀਬ ਦੂਜੇ ਰਾਜ ਦਾ ਲਾਂਘਾ ਨਹੀਂ ਹੋ ਸਕਦਾ । ਮੇਰੀ ਜਾਚੇ, ਇਸ ਫ਼ੈਸਲੇ ਦਾ ਐਲਾਨ ਤੁਰੰਤ ਹੀ ਕੀਤਾ ਜਾਣਾ ਚਾਹੀਦਾ ਹੈ । ਇਥੇ ਹਰਿਆਣੇ ਨੂੰ ਧਨ ਦੇਣ ਦਾ ਸੁਆਲ ਜ਼ਰੂਰ ਹੈ, ਲੇਕਿਨ ਇਸ ਸੰਬੰਧੀ ਕਿਸੇ ਨੂੰ ਇਤਰਾਜ਼ ਨਹੀਂ । ਜੇ ਪੰਜਾਬ ਚੰਡੀਗੜ੍ਹ ਲੈਂਦਾ ਹੈ ਤਾਂ ਹਰਿਆਣੇ ਨੂੰ ਆਪਣੀ ਰਾਜਧਾਨੀ ਬਣਾਉਣ ਲਈ ਧਨ ਮਿਲਣਾ ਹੀ ਚਾਹੀਦਾ ਹੈ ।

ਦਰਿਆਈ ਪਾਣੀਆਂ ਸੰਬੰਧੀ ਵੀ ਸਮੱਸਿਆ ਹੈ । ਪਰ ਹੁਣ ਵਿਵਾਦ ਹੈ ਕਿਸ ਗੱਲ ਤੋ ? ਮੈਨੂੰ ਸਮਝ ਨਹੀਂ ਆਉਂਦੀ ਕਿ ਅਸੀਂ ਕਿਸ ਗੱਲ ਤੇ ਮਾਮਲਾ ਉਲਝਾ ਰਹੇ ਹਾਂ ? ਤੁਸੀਂ ਇਸ ਮਸਲੇ ਨੂੰ ਦਰਿਆਈ ਪਾਣੀਆਂ ਦੇ ਇਕ ਟ੍ਰਿਬਿਊਨਲ ਨੂੰ ਸੌਂਪਣਾ ਚਾਹੁੰਦੇ ਹੋ ਤੇ ਅਕਾਲੀਆਂ ਨੇ ਮਾਮਲਾ ਸਾਫ ਕੀਤਾ ਹੋਇਆ ਹੈ । ਉਹ ਕਹਿੰਦੇ ਹਨ ਕਿ, "ਇਹ ਮਸਲਾ ਸੁਪਰੀਮ ਕੋਰਟ ਨੂੰ ਦੇ ਦਿਓ, ਅਸੀਂ ਉਸਦੇ ਫੈਸਲੇ ਨੂੰ ਮੰਨਾਂਗੇ ।"

ਅਗਲਾ ਮਸਲਾ ਸਰਬ ਹਿੰਦ ਗੁਰਦੁਆਰਾ ਐਕਟ ਸੰਬੰਧੀ ਹੈ । ਸ੍ਰੀ ਸੁਰਜੀਤ ਨੇ ਸਪਸ਼ਟ ਰੂਪ ਵਿਚ ਕਿਹਾ ਹੈ ਕਿ ਵਾਸਤਵ ਵਿਚ ਕੋਈ ਵੀ ਗੱਲ ਵਿਚਾਰਨ ਵਾਲੀ ਨਹੀਂ ਰਹਿ ਗਈ । ਜਾਪਦਾ ਹੈ ਕਿ ਸਰਕਾਰ ਇਸ ਸੰਬੰਧੀ ਪੈਰ ਖਿਸਕਾ ਰਹੀ ਹੈ । ਇਸਦਾ ਕਾਰਨ ਮੈਨੂੰ ਵੀ ਨਹੀਂ ਪਤਾ ਤੇ ਸ਼ਾਇਦ ਕਈ ਹੋਰਾਂ ਨੂੰ ਵੀ ਨਾ ਪਤਾ ਹੋਵੇ । ਇਹ ਬੜੀ ਦੁਖਦਾਇਕ ਗੱਲ ਹੈ ਕਿ ਇਸ ਅਹਿਮ ਮਸਲੇ ਸੰਬੰਧੀ ਅਸੀਂ ਪੱਖਪਾਤ ਵਾਲਾ ਰਵੱਈਆ ਅਪਣਾ ਰਹੇ ਹਾਂ—ਜਦ ਕਿ ਇਸ ਮਸਲੇ ਸੰਬੰਧੀ ਤਾਂ ਸਰਕਾਰ ਤੇ ਅਪੋਜ਼ੀਸ਼ਨ ਸਭ ਨੂੰ ਹਮਾਇਤ ਕਰਨੀ ਚਾਹੀਦੀ ਸੀ । ਮਾਨਯੋਗ ਗ੍ਰਹਿ ਮੰਤਰੀ ਜੀਉ ! ਤੁਹਾਨੂੰ ਆਪਣੀਆਂ ਗੁਪਤ ਰਿਪੋਰਟਾਂ ਤੋਂ ਹਿੰਦੂਆਂ ਦੁਆਰਾ ਕੀਤੀਆਂ ਜਾ ਰਹੀਆਂ ਸੈਨਿਕ ਤਿਆਰੀਆਂ ਦਾ ਗਿਆਨ ਹੋਣਾ ਚਾਹੀਦਾ ਹੈ । ਮੈਨੂੰ ਸਭ ਤੋਂ ਜ਼ਿਆਦਾ ਡਰ ਇਹ ਹੈ ਕਿ ਹਿੰਦੂਆਂ ਦੀ ਪਿਠ ਠੋਕੀ ਜਾ ਰਹੀ ਹੈ, ਜਦ ਕਿ ਸਪਸ਼ਟ ਹੈ ਕਿ ਗਰਮ ਧੜੇ ਦੇ ਸਿਖਾਂ ਨੂੰ ਅਜਿਹੀ ਮਦਦ ਪ੍ਰਾਪਤ ਨਹੀਂ ਹੈ । ਜੇਕਰ ਉਹ ਪੰਜਾਬ ਵਿਚ ਮਾਸੂਮ ਹਿੰਦੂਆਂ ਨੂੰ ਮਾਰਦੇ ਵੀ ਹਨ, ਤਾਂ ਸਮੇਂ ਦੇ ਨਾਲ ਹਿੰਦੂ ਅਤਿਵਾਦੀ ਵੀ ਇਸਦਾ ਜਵਾਬ ਦੇਣਗੇ ਤੇ ਇੰਜ ਸਭ ਪਾਸੇ ਅੱਗ ਲੱਗ ਜਾਏਗੀ । ਮੈਨੂੰ ਪਤਾ ਹੈ ਕਿ ਦਿੱਲੀ ਵਿਚ ਕਈ ਥਾਈਂ ਨੌਜਵਾਨ ਹਿੰਦੂ ਹੱਥ ਵਿਚ ਤ੍ਰਿਸ਼ੂਲ ਫੜੀ ਪਿਛਲੇ ਕਈ ਹਫਤਿਆਂ ਤੋਂ ਘੁੰਮ ਰਹੇ ਹਨ ਤੇ ਉਨ੍ਹਾਂ ਹਥਿਆਰ ਖ੍ਰੀਦਣ ਲਈ ਉਗਰਾਹੀ ਕਰਨ ਵਾਸਤੇ ਕਈ ਤਰ੍ਹਾਂ ਦੇ ਨਾਹਰੇ ਵੀ ਲਿਖਾਏ ਹੋਏ ਹਨ ਤੇ ਉਹ ਸਪਸ਼ਟ ਰੂਪ ਵਿਚ ਕਹਿ ਰਹੇ ਹਨ ਕਿ ਜੇ ਪੰਜਾਬ ਵਿਚ ਕਤਲੋ ਗ਼ਾਰਤ ਹੋਈ ਤਾਂ ਉਹ ਦਿੱਲੀ ਤੇ ਹੋਰ ਥਾਵਾਂ ਤੇ ਇਸਦਾ ਬਦਲਾ ਚੁਕਾ ਲੈਣਗੇ । ਅਗਰ ਇਕ ਵਾਰ ਇੰਜ ਹੋ ਗਿਆ ਤਾਂ ਫਿਰ ਤੁਸੀਂ ਭਾਵੇਂ ਚਾਹੋ ਤੇ ਭਾਵੇਂ ਨਾ ਚਾਹੋ, ਤਾਂ ਤੁਸੀਂ ਖਾਲਿਸਤਾਨ ਦੀ ਨੀਂਹ ਰੱਖ ਚੁੱਕੇ ਹੋਵੋਗੇ । ਰੱਬ ਦਾ ਵਾਸਤਾ ਜੇ, ਕਿਰਪਾ ਕਰਕੇ ਇਸੇ ਪਾਰਲੀਮੈਂਟ ਦੇ ਸੈਸ਼ਨ ਦੌਰਾਨ ਹੀ ਕੋਈ ਸਮਝੌਤਾ ਕਰ ਲਓ, ਹੋਰ ਦੇਰੀ ਬਿਲਕੁਲ ਨਾ ਕਰੋ । ਧੰਨਵਾਦ !

[ਅਜੀਤ ਅੰਗਰੇਜ਼ੀ, ੩੦ ਜੁਲਾਈ-੫ ਅਗਸਤ ੧੯੮੩

---

## ਮੁਖ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਵਤੀਰੇ ਕਾਰਨ ਹਿੰਦੂ-ਸਿਖਾਂ ਵਿਚ ਪਾੜ ਪਿਆ—

ਲੁਧਿਆਣਾ, ੨੭ ਅਗਸਤ—ਸ: ਖੁਸ਼ਵੰਤ ਸਿੰਘ ਐਮ. ਪੀ. ਨੇ ਬੀਤੀ ਰਾਤ ਇਥੋਂ ਦੇ ਰੋਟਰੀ ਕਲੱਬ ਦੇ ਸਾਲਾਨਾ ਸਮਾਗਮ ਵਿਚ ਤਕਰੀਰ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ, ਪੰਜਾਬ ਦੇ ਮੁਖ ਮੰਤਰੀ, ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦ ਵਤੀਰੇ ਕਾਰਨ ਪੰਜਾਬ ਵਿਚ ਹਿੰਦੂ-ਸਿਖਾਂ ਵਿਚਕਾਰ ਪਾੜ ਪੈ ਗਿਆ ਹੈ ।......

ਅਜੀਤ, ੨੮-੮-੮੩

www.AKJ.Org

# ਜੀਅ-ਰਖਿਆ ਅਤੇ ਜੀਅ-ਦਇਆ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

**ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥੧੭॥ (੩੨੨)**

ਜਦ ਉਪਰਲੇ ਗੁਰ-ਪ੍ਰਮਾਣ ਅਨੁਸਾਰ ਜੀਵ ਮਾਤ੍ਰ ਨੂੰ ਦੁਖ ਸਾਰਖਾ ਦੇਣਾ ਭੀ ਗੁਰਮਤਿ ਅੰਦਰ ਵਿਵਰਜਤ ਹੈ, ਤਦ ਜੀਵ ਨੂੰ ਜਾਨੋਂ ਮਾਰ ਦੇਣਾ ਤਾਂ ਗੁਰਮਤਿ ਅਨੁਸਾਰ ਅਤਿ ਹੀ ਨਿੰਦਤ ਕਿਰਿਆ ਸਿੱਧ ਹੋਈ। ਇਸ ਤੋਂ ਗੁਰਮਤਿ ਅੰਦਰਿ ਕੇਵਲ ਜੀਅ-ਰਖਿਆ ਹੀ ਨਹੀਂ ਸਾਬਤ ਹੁੰਦੀ, ਸਗੋਂ ਜੀਅ-ਦਇਆ ਦਾ ਪਰਮ ਪਵਿਤਰ ਅਸੂਲ ਸਿੱਧ ਹੁੰਦਾ ਹੈ, ਕਿਉਂਕਿ ਜਗਜੀਵਨ, ਸਿਰਜਨਹਾਰ, ਕਰਤਾਰ ਦੀ ਜੋਤਿ ਸਾਰੇ ਜੀਆਂ ਅੰਦਰ ਹੀ ਗੁਰਮਤਿ ਅਨੁਸਾਰ ਮੰਨੀ ਗਈ ਹੈ। ਯਥਾ ਗੁਰਵਾਕ–

ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ ॥੩॥ (੧੯-੨੦)

ਤਥਾ–ਸਭ ਜੋਤਿ ਤੇਰੀ ਜਗਜੀਵਨਾ, ਤੂ ਘਟਿ ਘਟਿ ਹਰਿ ਰੰਗ ਰੰਗਨਾ ॥੨॥ (੧੩੧੩)
ਤਥਾਪ–ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ, ਹਰਿ ਏਕੋ ਪੁਰਖੁ ਸਮਾਣਾ ॥੨॥ (੧੧)
ਪੁਨਾ–ਜਾਤਿ ਮਹਿ ਜੋਤਿ,ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ ॥੨॥੧੨॥(੪੬੯)
ਤਥਾ–ਸਭ ਮਹਿ ਜੋਤਿ ਜੋਤਿ ਹੈ ਸੋਇ॥ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥੩॥੩॥(੧੩)
ਤਥਾ–ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥

ਇਤਿ ਆਦਿਕ ਅਨੇਕ ਗੁਰ ਪ੍ਰਮਾਣ ਹਨ, ਜਿਨ੍ਹਾਂ ਦੁਆਰਾ ਸਾਫ ਸਿੱਧ ਹੁੰਦਾ ਹੈ ਕਿ ਅਕਾਲ ਪੁਰਖ ਦੀ ਜੋਤਿ ਸਰਬ ਜੀਵ ਜੰਤੂ ਅੰਦਰ ਬਿਰਾਜ ਰਹੀ ਹੈ। ਜਿਨ੍ਹਾਂ ਨੂੰ ਅਜਿਹੀ ਸਰਧਾ ਭਾਵਨੀ ਨਹੀਂ, ਉਨ੍ਹਾਂ ਦੇ ਹਿਰਦੇ ਵਿਖੇ ਸਰਬ ਘਟਾਂ ਮਹਿ ਰਮ ਰਹੇ ਪਤੀ ਪ੍ਰਮੇਸ਼ਰ ਦਾ ਭਾਉ ਨਹੀਂ ਹੁੰਦਾ ਅਤੇ ਨਾ ਹੀ ਪ੍ਰੇਮ ਭਾਵ ਇਸ ਬਿਹੂਣ ਹੋ ਸਕਦਾ ਹੈ। ਉਨ੍ਹਾਂ ਪੁਰਖਾਂ ਨੂੰ ਜੀਅ-ਦਇਆ ਵਾਲਾ ਫੁਰਨਾ ਸੁਪਨੰਤਰ ਭੀ ਨਹੀਂ ਫੁਰ ਸਕਦਾ। ਯਥਾ ਗੁਰਵਾਕ–ਕਾਇਆ ਰਤਿ ਬਹੁ ਰੂਪ ਰਚਾਹੀ ॥ ਤਿਨ ਕਉ ਦਇਆ ਸੁਪਨੈ ਭੀ ਨਾਹੀ ॥੭॥੫॥(੩੨੪)

ਇਹੋ ਆਸ਼ਾ ਅਸੂਲ ਆਨ-ਮਤਾਂ ਦੀਆਂ ਆਸਮਾਨੀ ਕਥਨੀਜ ਪੁਸਤਕਾਂ ਅੰਦਰ ਭੀ ਪਾਇਆ ਜਾਂਦਾ ਹੈ ਅਤੇ ਏਸੇ ਅਸੂਲ ਦੇ ਉਲਟ ਉਕਤ ਮਤਾਂ ਦੇ ਮਨਮਤੀ ਪੁਰਸ਼ਾਂ ਦੇ ਭੈੜੇ ਆਚਾਰਾਂ ਦੀ ਤਾੜਨਾ ਨਮਿਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਗੁਰਬਾਣੀ ਅੰਦਰ ਇਹ ਗੁਰਵਾਕ ਵਿਦਮਾਨ ਹੈ। ਯਥਾ–

ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ਮਾਰੈ ॥੧॥੪॥ (੧੩੫੦)

ਇਸ ਵਿਚ ਹਿੰਦੂ ਤੇ ਮੁਸਲਮਾਨ ਮਾਸ-ਅਹਾਰੀ ਮੁਰਗੀਮਾਰਾਂ ਨੂੰ ਸਾਂਝੀ ਹੀ ਤਾੜਨਾ ਕੀਤੀ ਹੈ ਤੇ ਉਨ੍ਹਾਂ ਦੇ ਆਪੋ ਆਪਣੇ ਮਤਾਂ ਦੇ ਅਸੂਲਾਂ ਅਨੁਸਾਰ ਹੀ ਕਸਵੀਆਂ ਚਪੇੜਾਂ ਲਾ ਕੇ, ਉਨ੍ਹਾਂ ਦੀਆਂ ਅੱਖਾਂ ਉਘੇੜੀਆਂ ਹਨ। ਅਰਥਾਤ ਜਦ ਵੇਦ ਅਤੇ ਕੁਰਾਨ ਦੋਹਾਂ ਦਾ ਇਹ ਅਸੂਲ ਹੈ ਕਿ ਸਭ ਮਹਿ ਏਕੁ ਖੁਦਾਇ ਹੈ, ਤੇ ਇਨ੍ਹਾਂ ਮਤਾਂ ਵਾਲੇ ਪੁਰਸ਼ ਆਪੋ ਆਪਣੀ ਥਾਈਂ ਇਹ ਗੱਲ ਮੰਨਦੇ ਭੀ ਹਨ ਕਿ ਉਨ੍ਹਾਂ ਦੀਆਂ ਧਰਮ-ਪੁਸਤਕਾਂ ਅੰਦਰ ਜ਼ਰੂਰ ਇਕ ਇਹ ਅਸੂਲ ਭੀ ਦਰਜ ਹੈ। ਫੇਰ ਇਹੋ ਇਕਰ ਆਖਣ ਵਾਲੇ ਪੁਰਸ਼ ਏਸ ਅਸੂਲ ਨੂੰ ਤੋੜ ਕੇ ਜਾਨਵਰਾਂ ਦੇ ਗਾਟੇ ਮਰੋੜਨ, ਤਦ ਇਹ ਨਹੀਂ ਕਿਹਾ ਜਾ ਸਕਦਾ ਕਿ ਬੇਦ ਕਤੇਬ ਨਾਮੇ ਮੱਤ ਏਸ ਅਸੂਲ ਦੀ ਕਾਇਮੀ ਵਿਚ ਝੂਠੇ ਹਨ, ਪਰੰਤੂ ਇਹੋ ਕਹਿਣਾ ਪਵੇਗਾ ਕਿ ਉਹ ਪੁਰਸ਼ ਝੂਠੇ ਹਨ, ਜੋ 'ਸਭ ਮਹਿ ਏਕੁ ਖੁਦਾਇ' ਵਾਲੇ ਅਸੂਲ ਨੂੰ ਨਹੀਂ ਵਿਚਾਰਦੇ।


www.AKJ.Org

ਹੁਣ ਜਿਸ ਤਰ੍ਹਾਂ ਆਨ-ਮਤੀ ਮਾਸ-ਅਹਾਰੀਆਂ, ਤੇ ਮੁਰਗੀਮਾਰਾਂ ਨੂੰ ਉਨ੍ਹਾਂ ਦੇ ਆਪੋ ਆਪਣੇ ਮਤ ਦੇ 'ਸਭ ਮਹਿ ਏਕੁ ਖੁਦਾਇ' ਦੇ ਸਾਂਝੇ ਆਸ਼ੇ ਵਾਲੇ ਅਸੂਲ ਅਨੁਸਾਰ ਉਪਰ ਦਿਤੇ ਗੁਰ-ਪ੍ਰਮਾਣਾਂ ਨੇ ਝੂਠੇ ਸਾਬਤ ਕਰ ਦਿਤਾ, ਏਸੇ ਤਰ੍ਹਾਂ ਸਾਡੇ ਮੱਤ ਦੇ ਮਾਸ-ਅਹਾਰੀ ਜੀਵ-ਘਾਤਕਾਂ ਨੂੰ 'ਸਭ ਮਹਿ ਏਕੁ ਖੁਦਾਇ' ਅਤੇ 'ਸਭ ਮਹਿ ਸਚਾ ਏਕੋ ਸੋਈ' ਗੁਰਵਾਕ ਦੇ ਆਸ਼ੇ-ਮੇਈ ਅਨੇਕ ਗੁਰ ਪ੍ਰਮਾਣਾਂ ਅੰਦਰ ਦ੍ਰਿੜਾਇ ਗੁਰ-ਮੰਤਰ ਦੇ ਅਸੂਲ ਨੇ ਸਾਫ਼ ਝੂਠੇ ਸਿੱਧ ਕਰ ਦਿਤਾ ਹੈ। ਅਜੇ ਆਨ-ਮਤੀ ਮੁਰਗੀਮਾਰਾਂ ਨੂੰ ਤਾਂ ਬੇਦ ਕਤੇਬ ਅੰਦਰ ਅਸ੍ਵਮੇਧ, ਗੋਮੇਧ ਅਤੇ ਕੁਰਬਾਨੀ ਆਦਿ ਅਸੂਲਾਂ ਨੂੰ ਦਰਜ ਹੋਇ ਵੇਖ ਕੇ ਕੋਈ ਨਿਯਤ ਫਿਟੀ ਦਾ ਬਹਾਨਾ ਭੀ ਬਣਾਉਣ ਲਈ ਮਿਲ ਸਕਦਾ ਹੈ, ਪਰ ਸਾਡੀ ਨਿਰੋਲ ਗੁਰਮਤਿ ਨਿਖਾਲਿਸ ਅਸੂਲ ਅੰਦਰ ਸਾਡੇ ਮੱਤ ਦੇ ਜੀਵ-ਘਾਤਕਾਂ ਨੂੰ ਰੰਚਕ ਰਖ਼ਨਾ (ਵੇਂਝ) ਭੀ ਨਿਯਤ ਫਿਟੀ ਦਾ ਬਹਾਨਾ ਬਨਾਉਣ ਨੂੰ ਨਹੀਂ ਲਭ ਸਕਦਾ। ਗੁਰਮਤਿ ਦੇ 'ਸਗਲ ਘਟਾ ਮਹਿ ਤਾਗਾ' ਵਾਲੇ ਗੁਰਬਾਣੀ ਅੰਦਰ ਆ ਰਹੇ ਅਦੁੱਤੀ ਆਸ਼ੇ ਨੇ ਜੀਵ-ਰਖਿਆ ਅਤੇ ਜੀਅ-ਦਇਆ ਦੇ ਅਸੂਲਾਂ ਦੀ ਕਾਇਮੀ ਦਾ ਉਹ ਥਾਨੂਣ ਬੰਨ੍ਹਿਆ ਹੈ ਕਿ ਗੁਰਮੁਖਾਂ ਨੂੰ ਇਨ੍ਹਾਂ ਉਤੇ ਚਲੇ ਬਿਨਾਂ ਪੰਥ ਪ੍ਰਗਟਾ ਹੀ ਨਹੀਂ। ਜੀਅ-ਦਇਆ ਦੇ ਦ੍ਰਿੜ੍ਹਾਉਣ ਹਿਤ ਸਪਸ਼ਟ ਗੁਰ ਪ੍ਰਮਾਣ ਭੀ ਅਨੇਕ ਥਾਈਂ ਗੁਰਬਾਣੀ ਅੰਦਰ ਮਿਲਦੇ ਹਨ। ਯਥਾ—

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥੧੨॥ (੧੩੬)
ਤਥਾ—ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥੧੧॥ (੨੯੯)
ਤਥਾਪ—ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥੨॥੧੦॥ (੪੬੮)
ਪੁਨਾ—ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥੩॥੧॥੬॥ (੧੨੫੩)
ਤਥਾ—ਰਾਖਿ ਲੇਹੁ ਪ੍ਰਭ ਕਰਣਹਾਰ ਜੀਅ ਜੰਤ ਕਰਿ ਦਇਆ ॥੪॥੧੪॥੮੪॥ (੪੭)
ਪੁਨਾ—ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ॥੪॥੪॥੧੭॥(੬੮੦)

ਅਜਿਹੇ ਹੋਰ ਭੀ ਅਨੇਕ ਗੁਰ ਪ੍ਰਮਾਣ ਹਨ, ਜੋ ਜੀਅ-ਦਇਆ ਦਾ ਪਵਿਤਰ ਅਸੂਲ ਦ੍ਰਿੜ੍ਹਾਉਂਦੇ ਹਨ।

**ਜੀਅ-ਦਇਆ ਬਿਨਾਂ ਧਰਮ, ਭਉ, ਭਾਉ, ਭਗਤੀ**
**ਅਤੇ ਪ੍ਰੇਮ ਦਾ ਪ੍ਰਾਪਤ ਹੋਣਾ ਅਸੰਭਵ ਹੈ—**

ਉਪਰ ਦਿਤੇ ਗੁਰ ਪ੍ਰਮਾਣਾਂ ਵਿਚੋਂ ਸਭ ਤੋਂ ਪਿਛਲੇ ਗੁਰਵਾਕ ਦੇ ਆਸ਼ੇ ਤੋਂ ਤਾਂ ਐਥੋਂ ਤਾਈਂ ਪ੍ਰਤੀਤ ਹੁੰਦਾ ਹੈ ਕਿ ਜੋ ਪੁਰਸ਼ ਜੀਵਾਂ ਉਤੇ ਤਰਸ ਨਹੀਂ ਕਰਦੇ, ਉਹ ਧਰਮ ਨੂੰ ਜਾਣਦੇ ਹੀ ਨਹੀਂ ਕਿ ਕੀ ਵਸਤੂ ਹੈ। ਧਰਮ ਨੂੰ ਕੇਵਲ ਉਹੋ ਪੁਰਸ਼ ਜਾਣ ਪਛਾਣ ਸਕਦੇ ਹਨ ਜਿਨ੍ਹਾਂ ਦੇ ਹਿਰਦੇ ਵਿਖੇ ਜੀਅ-ਦਇਆ, ਪਰਾਏ ਜੀਵਾਂ ਦੇ ਦੁਖ ਦੇਖ ਦੇਖ ਕੇ ਨਾ ਝਲਣ ਵਾਲਾ ਤਰਸ ਤ੍ਰਾਸ ਅਤੇ ਈਸ਼ਵਰੀ ਅੰਸ਼ ਵਾਲਾ ਭੈ ਕੁਟ ਕੁਟ ਭਰਿਆ ਪਿਆ ਹੋਵੇ। ਗੁਰਮਤਿ ਵਿਖੇ ਅਕਾਲ ਪੁਰਖ ਦੇ ਨਾਮ ਜਪਣ ਨੂੰ ਸਰਬ ਧਰਮਾਂ ਤੋਂ ਵਧ ਕੇ ਧਰਮ ਮੰਨਿਆ ਗਿਆ ਹੈ। ਯਥਾ ਗੁਰਵਾਕ—

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥ (੨੬੬)

ਸੋ ਇਸ ਨਾਮ ਜਪਣ ਰੂਪੀ ਗੁਰਮਤਿ ਦੇ ਸਰਬ ਸ੍ਰੇਸ਼ਟ, ਸਰਬੋਤਮ ਅਤੇ ਸੱਚੇ ਧਰਮ ਉਤੇ ਅਸੀਂ ਕਦਾਚਿਤ ਦ੍ਰਿੜ੍ਹ ਅਤੇ ਤਤਪਰ ਨਹੀਂ ਰਹਿ ਸਕਦੇ। ਤਤਪਰ ਕੀ, ਇਸ ਧਰਮ ਉਤੇ ਚਲਣ ਲਈ ਉਕਤ ਧਰਮ ਦੀ ਪਛਾਣ ਅਤੇ ਸੂਝ ਬੂਝ ਭੀ ਅਸਾਂ ਨੂੰ ਨਹੀਂ ਆ ਸਕਦੀ, ਜਦ ਤਾਈਂ ਸਾਡੇ ਚਿਤ ਵਿਚ ਭੈ ਦੀ ਅੰਸ਼ ਨਹੀਂ ਅਤੇ ਦਇਆ ਦਾ ਬੀਜ ਮਾਤ੍ਰ ਨਹੀਂ। ਦਇਆ ਤੋਂ ਬਿਨਾਂ ਧਰਮ ਰੂਪੀ ਧੌਲ ਦਾ ਆਸਰਾ ਭੀ ਕੋਈ ਨਹੀਂ, ਜਿਵੇਂ ਗੁਰ ਪ੍ਰਮਾਣ ਹੈ— ਧੌਲੁ ਧਰਮੁ ਦਇਆ ਕਾ ਪੂਤੁ ॥੧੬॥ (੩)


www.AKJ.Org

ਗੱਲ ਕੀ, ਭੈ ਤੋਂ ਉਪੰਨੀ ਦਇਆ, ਜਾਂ ਦਇਆ ਤੋਂ ਉਪਜੇ ਭੈ ਬਿਨਾ ਧਰਮ ਅਸਾਂ ਨੂੰ ਪੋਹ ਨਹੀਂ ਸਕਦਾ, ਨਾ ਹੀ ਸਾਡਾ ਮਨ ਨਿਰਮਲ ਹੋ ਸਕਦਾ ਹੈ। ਭੈ ਤੋਂ ਬਿਨਾਂ ਜਿਤਨੇ ਭੀ ਸਾਡੇ ਕਰਮ ਧਰਮ ਹਨ, ਸਭ ਕੱਚੇ ਕੂੜਿਆਂ ਵਾਲੇ ਹਨ। ਯਥਾ ਗੁਰਵਾਕ—

ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥੯॥੩੧॥ (੪੨੭)

ਅਤੇ— ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥੫॥ (੪੬੫)

ਉਪਰਲੇ ਗੁਰ ਪ੍ਰਮਾਣ ਅਨੁਸਾਰ ਇਹ ਭੀ ਸਿੱਧ ਹੋਇਆ ਕਿ ਭੈ ਤੋਂ ਬਿਹੂਣ ਗੁਰਮਤਿ ਦੀ ਪਰਮ ਧਰਮ ਧੁਜਾ 'ਪ੍ਰੇਮਾ ਭਗਤੀ' ਦਾ ਪ੍ਰਾਪਤ ਹੋਣਾ ਭੀ ਅਸੰਭਵ ਹੈ। ਜਿਵੇਂ ਕਿ ਅਗਲੇ ਗੁਰ ਪ੍ਰਮਾਣ ਭੀ ਦ੍ਰਿੜਾਉਂਦੇ ਹਨ—

ਭੈ ਬਿਨੁ ਭਗਤਿ ਨ ਹੋਵਈ, ਨਾਮਿ ਨ ਲਗੈ ਪਿਆਰੁ ॥
ਸਤਿਗੁਰਿ ਮਿਲਿਐ ਭਉ ਊਪਜੈ, ਭੈ ਭਾਇ ਰੰਗੁ ਸਵਾਰਿ ॥
ਤਨੁ ਮਨੁ ਰਤਾ ਰੰਗ ਸਿਉ, ਹਉਮੈ ਤ੍ਰਿਸਨਾ ਮਾਰਿ ॥੯॥ (੭੮੮)

ਤਥਾ—ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥੧॥੩॥੫॥ (੭੨੯)

ਪੁਨਾ—ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥ ਬਿਨੁ ਭੈ ਅਨਭਉ ਹੋਇ ਵਣਾਹੰਬੈ ॥੧॥ (੧੧੦੪)

ਪਿਛਲਾ ਗੁਰ ਪ੍ਰਮਾਣ ਤਾਂ ਏਥੋਂ ਤਾਈਂ ਦਸਦਾ ਹੈ ਕਿ ਭੈ ਬਿਨਾਂ ਪ੍ਰਿਆ ਪ੍ਰਮੇਸ਼ਰ ਦੇ ਪ੍ਰੇਮੀਆਂ, ਦਰਸ-ਪਿਆਸੇ ਵੈਰਾਗੀਆਂ ਨੂੰ ਅਕਾਲ ਪੁਰਖ ਦੇ ਪ੍ਰਕਾਸ਼-ਮਈ ਸਾਖਯਾਤ ਸਰੂਪ ਦੀ ਲੀਨਤਾ, ਅਥਵਾ ਅਪ੍ਰੋਖਸ਼ ਗਿਆਨ ਦੀ ਪ੍ਰਾਪਤੀ ਹੋਣੀ ਭੀ ਅਸੰਭਵ ਹੈ, ਜੋ ਕਿ ਮਨੁਖਾ ਜਨਮ ਦਾ ਮੁਖ ਪ੍ਰਯੋਜਨ ਹੈ। ਜਿਨ੍ਹਾਂ ਅੰਦਰ ਭਾਉ ਭਗਤੀ ਅਤੇ ਪ੍ਰੇਮ ਦਾ ਰੰਚਕ ਸੁਆਉ ਹੈ, ਉਨ੍ਹਾਂ ਦਾ ਹਿਰਦਾ ਭੈ ਅਤੇ ਜੀਅ-ਦਇਆ ਤੋਂ ਕਦਾਚਿਤ ਸੁੰਞਾ ਨਹੀਂ ਹੁੰਦਾ, ਪਰੰਤੂ ਜੋ ਪੁਰਸ਼ ਪਰੇਮ ਤੋਂ ਖ਼ਾਲੀ ਹਨ, ਉਨ੍ਹਾਂ ਦੇ ਭੀਤਰ ਕਪਟ ਕੁਦਇਆ ਰੂਪ ਭੰਗਾਰ ਹੀ ਭਰੀ ਹੋਈ ਹੁੰਦੀ ਹੈ। ਜਿਵੇਂ ਗੁਰਵਾਕ ਹੈ—

ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥੧॥੧੫॥ (੬੨)

ਇਸ ਪ੍ਰੇਮ ਤੋਂ ਵਿਛੜੇ, ਪ੍ਰੇਮ ਤੋਂ ਊਣੇ ਤੇ ਪ੍ਰੇਮ ਵਿਹੂਣੇ ਹੋਣ ਕਰਕੇ ਹੀ ਕਸਾਈ ਲੋਕ ਪੱਥਰ-ਦਿਲ ਅਤੇ ਨਿਰਦਈ ਹੋ ਜਾਂਦੇ ਹਨ, ਅਤੇ ਪ੍ਰੇਮ ਤੋਂ ਵਿਛੜ ਕੇ ਹੀ ਇਹ ਪਾਪੀ ਪੁਰਸ਼ ਕੁ-ਦਇਆ ਕਮਾਉਂਦੇ ਹਨ। ਜਿਵੇਂ ਗੁਰਵਾਕ ਹੈ—

ਪ੍ਰੇਮ ਬਿਛੋਹਾ ਕਰਤ ਕਸਾਈ ॥ ਨਿਰਦੈ ਜੰਤੁ ਤਿਸੁ ਦਇਆ ਨ ਪਾਈ ॥੨॥੩੪॥੪੦॥ (੭੪੫)

ਜਦ ਪ੍ਰੇਮ ਤੋਂ ਘੁਥੇ ਜਾਣਾ ਜੀਅ-ਦਇਆ ਤੋਂ ਸੁੰਞੇ ਹੋਣ ਦਾ ਲੱਛਣ ਹੈ, ਤਦ ਜੀਆਂ ਉਤੇ ਕੁਦਇਆ ਕਮਾਉਣਾ ਪ੍ਰੇਮ ਮਾਰਗ ਉਤੇ ਪ੍ਰਾਣੀ ਨੂੰ ਕਦ ਤੋਰ ਸਕਦਾ ਹੈ ? ਅਤੇ ਗੁਰਮਤਿ ਮਾਰਗ ਦੀ ਉਸਾਰੀ ਨਿਰੀ ਪ੍ਰੇਮ ਦੀ ਨੀਂਹ ਉਤੇ ਹੀ ਹੈ।

ਤਾਂ ਤੇ ਸਿੱਧ ਹੋਇਆ ਕਿ ਜੀਅ-ਦਇਆ ਦੇ ਅਸੂਲ ਉਤੇ ਚਲੇ ਬਿਨਾ ਨਾ ਹੀ ਅਸੀਂ 'ਧਰਮ' ਨੂੰ ਪਛਾਣ ਸਕਦੇ ਹਾਂ ਤੇ ਨਾ ਹੀ 'ਭਾਉ ਭਗਤੀ' ਨੂੰ ਜਾਣ ਸਕਦੇ ਹਾਂ, ਜਿਸ ਬਿਨਾਂ ਸਾਡਾ ਜਨਮ ਹੀ ਅਕਾਰਥ ਹੈ। ਜਿਵੇਂ ਗੁਰਵਾਕ ਹੈ—

ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥ਰਹਾਉ॥ (੩੨੮)

ਅਤੇ ਨਾ ਹੀ ਅਸਾਂ ਨੂੰ ਪ੍ਰੇਮ ਦੀ ਸਾਰ ਹੋ ਸਕਦੀ ਹੈ, ਜਿਸ ਦੇ ਕਮਾਉਣ ਕਰਕੇ ਅਸੀਂ ਪਤੀ ਪ੍ਰਮੇਸ਼ਰ ਨੂੰ ਪ੍ਰਾਪਤ ਹੋ ਸਕਦੇ ਹਾਂ। ਜਿਵੇਂ ਕਿ ਸ੍ਰੀ ਮੁਖਵਾਕ ਹੈ—"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।" ਜੋ ਮਨੁਖਾ ਜਨਮ ਦਾ ਮੁਖ ਮਨੋਰਥ ਹੈ।


www.AKJ.Org

# ਇਸ ਮਹੀਨੇ ਦੀਆਂ ਪੰਥਕ ਖ਼ਬਰਾਂ—ਅਖ਼ਬਾਰਾਂ ਦੀ ਜ਼ਬਾਨੀ

**ਸੈਂਕੜੇ ਸਿੱਖ ਨੌਜੁਆਨ ਪੁਲਸ ਹਿਰਾਸਤ ਵਿਚ**

**ਸੰਤ ਜੀ ਦਾ ਦੋਸ਼—ਮਾਰ ਕੇ ਕਈ ਲਾਸ਼ਾਂ ਨਹਿਰ 'ਚ ਬਹਾਈਆਂ—ਜਾਂਚ ਸ਼ੁਰੂ**

ਅੰਮ੍ਰਿਤਸਰ, 2 ਅਗਸਤ—ਅੱਜ ਏਥੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨੇ ਕਿਹਾ ਕਿ ਪੰਜਾਬ ਭਰ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਦੀਆਂ ਧੜਾ-ਧੜ ਗ੍ਰਿਫਤਾਰੀਆਂ ਦਾ ਜੋ ਸਿਲਸਿਲਾ ਪੁਲੀਸ ਵਲੋਂ ਸ਼ੁਰੂ ਕੀਤਾ ਗਿਆ ਹੈ, ਇਸਦੇ ਗੰਭੀਰ ਨਤੀਜੇ ਨਿਕਲਣਗੇ। ਸੰਤ ਜੀ ਨੇ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਰਕਰ ਅਕਾਲੀ ਦਲ ਦੇ ਪ੍ਰੋਗਰਾਮ ਅਨੁਸਾਰ ਪੂਰੇ ਜ਼ਬਤ ਵਿਚ ਰਹੇ ਹਨ ਅਤੇ ਉਨ੍ਹਾਂ ਦਾ ਹਿੰਸਕ ਘਟਨਾਵਾਂ ਨਾਲ ਕੋਈ ਸਬੰਧ ਨਹੀਂ, ਪਰ ਸਰਕਾਰ ਜਾਣ ਬੁਝ ਕੇ ਨੌਜਵਾਨਾਂ ਦੀਆਂ ਵੱਡੀ ਪੱਧਰ ਤੇ ਗ੍ਰਿਫ਼ਤਾਰੀਆਂ ਕਰਕੇ ਅਤੇ ਤਸ਼ੱਦਦ ਕਰਕੇ ਉਨ੍ਹਾਂ ਨੂੰ ਭੜਕਾਉਣਾ ਚਾਹੁੰਦੀ ਹੈ। ਸੰਤ ਲੌਂਗੋਵਾਲ ਜੀ ਨੇ ਸਪੱਸ਼ਟ ਕੀਤਾ ਕਿ ਸਿੱਖ ਨੌਜਵਾਨਾਂ ਤੇ ਤਸ਼ੱਦਦ ਬੰਦ ਕਰਾਉਣ ਲਈ ਅਕਾਲੀ ਦਲ ਪੂਰੀ ਵਾਹ ਲਾਵੇਗਾ ਅਤੇ ਸਰਕਾਰ ਨੂੰ ਮਨਮਾਨੀ ਕਰਨ ਦੀ ਹਰਗਿਜ਼ ਇਜਾਜ਼ਤ ਨਹੀਂ ਦਿਤੀ ਜਾਵੇਗੀ। ਸੰਤ ਜੀ ਨੇ ਕਿਹਾ ਕਿ ਸਾਨੂੰ ਸ਼ੱਕ ਹੈ ਕਿ ਜੋ ਸੈਂਕੜੇ ਦੀ ਗਿਣਤੀ ਵਿਚ ਲਾਸ਼ਾਂ ਪੰਜਾਬ ਤੋਂ ਰਾਜਸਥਾਨ ਦੀਆਂ ਨਹਿਰਾਂ ਵਿਚ ਜਾ ਰਹੀਆਂ ਹਨ, ਉਹ ਉਨ੍ਹਾਂ ਸਿਖ ਨੌਜਵਾਨਾਂ ਦੀਆਂ ਹਨ ਜਿਨ੍ਹਾਂ ਨੂੰ ਪੁਲੀਸ ਗ੍ਰਿਫਤਾਰ ਕਰਕੇ ਕੋਹ ਕੋਹ ਕੇ ਜਾਨੋਂ ਮਾਰਨ ਤੋਂ ਬਾਅਦ ਵਗਦੇ ਦਰਿਆਵਾਂ ਵਿਚ ਸੁਟ ਦੇਂਦੀ ਹੈ।

ਸੰਤ ਜੀ ਨੇ ਕਿਹਾ ਕਿ ਅਸਲੀ ਦੋਸ਼ੀ ਲੱਭਣ ਦੀ ਬਜਾਏ 16-16 ਸਾਲ ਦੇ ਸਿੱਖ ਨੌਜਵਾਨ ਤੇ ਦਰਜਨਾਂ ਮੁਕੱਦਮੇ ਦਰਜ ਕਰਕੇ ਸ੍ਰਕਾਰ ਕਾਨੂੰਨ ਦਾ ਮਖੌਲ ਉਡਾ ਰਹੀ ਹੈ। ਸੰਤ ਜੀ ਨੇ ਕਿਹਾ ਹੈ ਕਿ ਇਸ ਸਮੁਚੇ ਤਸ਼ੱਦਦ ਦੇ ਵੇਰਵੇ ਸਹਿਤ ਇਕ ਚਿੱਠੀ ਪਾਰਲੀਮੈਂਟ ਦੇ ਮੈਂਬਰਾਂ ਨੂੰ ਭੇਜ ਰਹੇ ਹਨ, ਜਿਸ ਵਿਚ ਪੰਜਾਬ ਸਰਕਾਰ ਅਤੇ ਪੁਲਿਸ ਦੀਆਂ ਕਾਲੀਆਂ ਕਰਤੂਤਾਂ ਨੰਗੀਆਂ ਕੀਤੀਆਂ ਜਾਣਗੀਆਂ। ਸੰਤ ਜੀ ਨੇ ਸਮੁਚੇ ਫੈਡਰੇਸ਼ਨ ਵਰਕਰਾਂ ਤੇ ਸਿੱਖ ਨੌਜਵਾਨਾਂ ਨੂੰ ਵੰਗਾਰ ਦਿੱਤੀ ਹੈ ਕਿ ਉਹ ਪੁਲੀਸ ਤਸ਼ੱਦਦ ਤੋਂ ਕਿਸੇ ਘਬਰਾਹਟ ਵਿਚ ਨਾ ਆਉਣ, ਬਲਕਿ ਚਲ ਰਹੇ ਸੰਘਰਸ਼ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਣ। ਸ਼ਰੋਮਣੀ ਅਕਾਲੀ ਦਲ ਉਹਨਾਂ ਤੇ ਪੁਲੀਸ ਦੇ ਦਮਨ ਚੱਕਰ ਦਾ ਮੂੰਹ ਤੋੜ ਉਤਰ ਦੇਵੇਗਾ। —ਅਜੀਤ, ੩-੮-੮੩

**ਭਾਈ ਅਮਰੀਕ ਸਿੰਘ ਤੇ ਠਾਰਾ ਸਿੰਘ ਅਦਾਲਤ ਵਲੋਂ ਬਰੀ—**

ਅੰਮ੍ਰਿਤਸਰ, ੬ ਅਗਸਤ—(ਪੀ. ਟੀ. ਆਈ.) ਸਿਖ ਧਾਰਮਿਕ ਨੇਤਾ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਦੇ ਨਿਕਟ ਸਹਿਯੋਗੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਨੂੰ ਅੱਜ ਅਦਾਲਤ ਵਲੋਂ ਬਰੀ ਕਰ ਦਿਤਾ ਗਿਆ।

ਬਰੀ ਹੋਣ ਤੋਂ ਤੁਰੰਤ ਪਿਛੋਂ ਸੰਤ ਭਿੰਡਰਾਂ ਵਾਲੇ ਦੇ ਸੈਂਕੜੇ ਸ਼ਰਧਾਲੂ ਅਦਾਲਤ ਦੇ ਬਾਹਰ ਇਕੱਠੇ ਹੋ ਗਏ ਅਤੇ ਇਸ ਤੋਂ ਪਹਿਲਾਂ ਕਿ ਪੁਲਸ ਉਹਨਾਂ ਦੇ ਕਿਸੇ ਹੋਰ ਕੇਸ ਵਿਚ ਅਦਾਲਤ ਤੋਂ ਵਾਰੰਟ ਪਰਾਪਤ ਕਰਦੀ, ਉਹਨਾਂ ਦੇ ਸਮਰੱਥਕ ਉਹਨਾਂ ਨੂੰ ਦਰਬਾਰ ਸਾਹਿਬ ਕੰਪਲੈਕਸ (ਨਿਵਾਸ) ਵਿਚ ਲੈ ਗਏ। ਭਾਈ ਅਮਰੀਕ ਸਿੰਘ ਨੂੰ ਪਿਛਲੇ ਸਾਲ ੧੯ ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਕਿ ਬਾਬਾ ਠਾਰਾ ਸਿੰਘ ਨੂੰ ਇਸ ਤੋਂ ੨ ਦਿਨ ਪਿਛੋਂ ਭਾਵ ੨੧ ਜੁਲਾਈ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਬਾਬਾ ਠਾਰਾ ਸਿੰਘ ਅੰਮ੍ਰਿਤਸਰ ਤੋਂ ੪੦ ਕਿਲੋਮੀਟਰ ਦੂਰ ਚੌਕ ਮਹਿਤਾ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਇੰਚਾਰਜ ਹਨ।

ਦੋਸ਼ ਸਾਬਤ ਨਾ ਹੋਏ—ਭਾਈ ਅਮਰੀਕ ਸਿੰਘ ਅਤੇ ਫੈਡਰੇਸ਼ਨ ਦੇ ਇਕ ਹੋਰ ਸਰਗਰਮ ਵਰਕਰ



www.AKJ.Org

ਹਰਪਾਲ ਸਿੰਘ ਤੇ ਪਿਛਲੇ ਸਾਲ ੨੭ ਜੂਨ ਨੂੰ ਨਿਰੰਕਾਰੀ ਨੇਤਾ ਜੁਗਿੰਦਰ ਸਿੰਘ ਸ਼ਾਂਤ ਤੇ ਗੋਲੀਆਂ ਚਲਾਉਣ ਦਾ ਦੋਸ਼ ਸੀ। ਅਤ੍ਰਿਕਤ ਸੈਸ਼ਨ ਜੱਜ ਸ੍ਰੀ ਜੀ. ਐਲ. ਚੋਪੜਾ ਨੇ ਭਾਈ ਅਮਰੀਕ ਸਿੰਘ ਅਤੇ ਹਰਪਾਲ ਸਿੰਘ ਦੋਹਾਂ ਨੂੰ ਬਰੀ ਕਰਦਿਆਂ ਕਿਹਾ ਕਿ ਇਸਤਗਾਸਾ ਦੋਸ਼ੀਆਂ ਵਿਰੁਧ ਕੇਸ ਸਾਬਤ ਨਹੀਂ ਕਰ ਸਕਿਆ। ਸ਼ਾਂਤ ੨੭ ਜੂਨ ਨੂੰ ਹਮਲੇ 'ਚ ਬਚ ਗਏ ਸਨ। ਅਜੀਤ, ੭-੩-੮੩

**ਮੇਰਠ 'ਚ ਸਿੱਖ ਫੌਜੀ ਦੀ ਤਸ਼ੱਦਦ ਨਾਲ ਮੌਤ–**

ਅੰਮ੍ਰਿਤਸਰ, ੯ ਅਗਸਤ (ਸ਼ਰੋਮਣੀ)–ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ: ਗੁਰਚਰਨ ਸਿੰਘ ਟੌਹੜਾ ਨੇ ੧੫ ਸਿਖ ਲਾਈਟ ਇਨਫੈਂਟਰੀ ਦੇ ਇਕ ਹੋਰ ਫੌਜੀ ਸਿਖ ਜਵਾਨ ਸ੍ਰ: ਪਿਆਰਾ ਸਿੰਘ (ਵਾਸੀ ਮਲੀਆਂ ਵਾਲਾ ਜ਼ਿਲਾ ਫੀਰੋਜ਼ਪੁਰ) ਦੀ ਮੇਰਠ ਵਿਖੇ ਤਸ਼ੱਦਦ ਨਾਲ ਮੌਤ ਦੀ ਸ਼ਿਕਾਇਤ ਰਾਸ਼ਟਰਪਤੀ ਗਿ: ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਪਾਸ ਕੀਤੀ ਹੈ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂ ਇਥੋਂ ਭੇਜੀਆਂ ਗਈਆਂ ਤਾਰਾਂ ਵਿਚ ਉਨ੍ਹਾਂ ਕਿਹਾ ਕਿ ਕਮਾਂਡਰ ਦੇ ਹੁਕਮ ਉਤੇ ਇਸੇ ਰਜਮੈਂਟ ਦੇ ਹੋਰ ਜਵਾਨ ਸ੍ਰ: ਸੁਲਖਣ ਸਿੰਘ ਅਤੇ ਸ੍ਰ: ਮਲਕੀਤ ਸਿੰਘ ਅਣਮਨੁਖੀ ਤਸ਼ੱਦਦ ਕਾਰਨ ਹਸਪਤਾਲ ਵਿਚ ਗੰਭੀਰ ਹਾਲਤ ਵਿਚ ਪਏ ਹਨ। ਸ੍ਰ: ਟੌਹੜਾ ਨੇ ਕਿਹਾ ਹੈ ਕਿ ਸਿਖ ਜਵਾਨਾਂ ਵਿਰੁਧ ਸੋਚੀ ਸਮਝੀ ਸਾਜ਼ਸ਼ ਅਧੀਨ ਜ਼ੁਲਮ ਕਾਰਨ ਸਿਖ ਹਲਕਿਆਂ ਵਿਚ ਭਾਰੀ ਰੋਸ ਹੈ ਅਤੇ ਅਜਿਹੀਆਂ ਵਹਿਸ਼ੀਆਨਾ ਤੇ ਜ਼ਾਲਮਾਨਾ ਕਾਰਵਾਈਆਂ ਦੇਸ਼ ਦੀਆਂ ਫੌਜਾਂ ਅਤੇ ਦੇਸ਼ ਵਾਸਤੇ ਬਹੁਤ ਨੁਕਸਾਨ ਦੇਹ ਸਾਬਤ ਹੋ ਸਕਦੀਆਂ ਹਨ। ਉਨ੍ਹਾਂ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਨਿਜੀ ਦਖਲ ਦੇ ਕੇ ਦੋਸ਼ੀ ਅਫਸਰਾਂ ਵਿਰੁਧ ਕਰੜੀ ਕਾਰ-ਵਾਈ ਦੀ ਮੰਗ ਕੀਤੀ ਹੈ। –ਅਜੀਤ, ੧੦-੮-੮੩

**ਪਿਆਰਾ ਸਿੰਘ ਦੀ ਮੌਤ ਲਈ ਜ਼ੁਮੇਵਾਰ ਅਫਸਰਾਂ ਵਿਰੁਧ ਤੁਰੰਤ ਕਾਰਵਾਈ ਕਰੋ–ਦਲ ਦੀ ਮੰਗ–**

ਅੰਮ੍ਰਿਤਸਰ, ੧੦ ਅਗਸਤ–ਸ਼ਰੋਮਣੀ ਅਕਾਲੀ ਦਲ ਨੇ ਭਾਰਤ ਸਰਕਾਰ ਪਾਸ ਇਹ ਮੰਗ ਫਿਰ ਦੁਹਰਾਈ ਹੈ ਕਿ ੧੫ ਸਿਖ ਲਾਈਟ ਇਨਫੈਂਟਰੀ ਦੇ ਨੌਜਵਾਨ ਲੈਸਨਾਇਕ ਪਿਆਰਾ ਸਿੰਘ ਤੇ ਅਣਮਨੁਖੀ ਤਸ਼ੱਦਦ ਕਰਕੇ 'ਸ਼ਹੀਦ' ਕਰ ਦਿਤਾ ਗਿਆ। ਉਸ ਲਈ ਜ਼ੁਮੇਂਵਾਰ ਅਫਸਰਾਂ ਵਿਰੁਧ ਤੁਰੰਤ ਕਾਰਵਾਈ ਕੀਤੀ ਜਾਏ। ਪਿਆਰਾ ਸਿੰਘ ਦਾ ਉਥੇ ਹੀ ਅੰਤਮ ਸਸਕਾਰ ਕਰ ਦਿਤਾ ਗਿਆ ਸੀ। ਗਰੀਬ ਪਿਤਾ ਦਾ ਇਕੋ ਇਕ ਕਮਾਊ ਪੁਤਰ ਸੀ ਜਿਸ ਦੇ ਵਿਛੋੜੇ ਕਰਕੇ ਪਰਿਵਾਰ ਦਾ ਮਾਤਮੀ ਦ੍ਰਿਸ਼ ਹਰ ਮਨੁੱਖ ਦੇ ਹਿਰਦੇ ਨੂੰ ਟੁੰਬਦਾ ਸੀ। ਉਹਨਾਂ ਦਸਿਆ ਕਿ ਤਿੰਨਾਂ ਜਵਾਨਾਂ ਨੂੰ ਅਣਮਨੁੱਖੀ ਤਸੀਹੇ ਦਿਤੇ ਗਏ, ਜਿਸ ਨਾਲ ਪਿਆਰਾ ਸਿੰਘ ਸ਼ਹੀਦ ਹੋ ਗਿਆ ਤੇ ਬਾਕੀ ਦੋ ਜਵਾਨਾਂ ਦੀ ਹਾਲਤ ਗੰਭੀਰ ਸੀ। ਉਹਨਾਂ ਕਿਹਾ ਕਿ ਮੁੱਢਲਾ ਇਲਾਜ ਕਰਾਉਣ ਉਪਰੰਤ ਪਤਾ ਨਹੀਂ ਉਹਨਾਂ ਜਵਾਨਾਂ ਨੂੰ ਕਿਸ ਥਾਂ ਤੇ ਛੁਪਾ ਕੇ ਰੱਖਿਆ ਹੈ। ਸਰਦਾਰ ਗੁਰਚਰਨ ਸਿੰਘ ਨੇ ਕਿਹਾ ਕਿ ਇਸ ਘਟਨਾ ਦੀ ਛੇਤੀ ਜਾਂਚ ਹੋਣੀ ਚਾਹੀਦੀ ਹੈ। –ਅਜੀਤ, ੧੧-੮-੮੩

**ਗੁਰਦੁਆਰਾ-ਮੰਦਰ ਝਗੜੇ ਸਬੰਧੀ ਘੱਟ-ਗਿਣਤੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰੋ–**
**ਸ੍ਰ: ਭਾਨ ਸਿੰਘ ਵਲੋਂ ਸ੍ਰੀਮਤੀ ਇੰਦਰਾ ਗਾਂਧੀ ਨੂੰ ਪੱਤਰ–**

ਅੰਮ੍ਰਿਤਸਰ, ੧੧ ਅਗਸਤ–ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ: ਭਾਨ ਸਿੰਘ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਨੂੰ ਕਿਹਾ ਹੈ ਕਿ ਉਹ ਕਰਨਾਲ ਵਿਖੇ ਹਾਲਾਤ ਸੁਖਾਵੇਂ ਰੱਖਣ ਲਈ ਗੁਰਦੁਆਰਾ ਮੰਜੀ ਸਾਹਿਬ ਅਤੇ ਮੰਦਰ ਦੇ ਝਗੜੇ ਸਬੰਧੀ ਘਟ ਗਿਣਤੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਵਾਉਣ। ਇਕ ਪੱਤਰ ਰਾਹੀਂ ਸ੍ਰ: ਭਾਨ ਸਿੰਘ ਨੇ ਸ੍ਰੀਮਤੀ ਗਾਂਧੀ ਅਤੇ ਸ੍ਰੀ ਭਜਨ ਲਾਲ ਨੂੰ ਲਿਖਿਆ ਹੈ ਕਿ ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਲਾਗੇ ਉਸਾਰਿਆ ਗਿਆ ਸ਼ਿਵ ਮੰਦਰ ਸਥਾਨਕ ਹਿੰਦੂ ਅਤੇ ਸਿਖ ਲਈ ਝਗੜੇ ਦੀ ਜੜ੍ਹ ਬਣ ਗਿਆ ਹੈ, ਜਿਸ ਦਾ ਸਬੂਤ ਕਈ ਵਾਰੀ ਫਿਰਕੂ ਤਨਾਓ ਦਾ ਪੈਦਾ ਹੋਣਾ ਹੈ। ਉਹਨਾਂ ਦਸਿਆ ਹੈ ਕਿ ਘਟ-ਗਿਣਤੀ ਕਮਿਸ਼ਨ, ਜਿਸ ਨੇ ਮੌਕੇ ਦਾ



www.AKJ.Org

ਜਾਇਜ਼ਾ ਲਿਆ ਸੀ, ਆਪਣੀ ਰੀਪੋਰਟ ਵਿਚ ਕਿਹਾ ਸੀ ਕਿ ਮੰਦਰ ਕੇਵਲ ਸਿਖਾਂ ਨੂੰ ਚਿੜਾਉਣ ਵਾਸਤੇ ਉਸਾਰਿਆ ਗਿਆ ਹੈ। ਪਰ ਸਰਕਾਰ ਨੇ ਕਮਿਸ਼ਨ ਦੀ ਸਿਫਾਰਿਸ਼ ਉਤੇ ਹਾਲੇ ਤਕ ਅਮਲ ਨਹੀਂ ਕੀਤਾ। ਉਹਨਾਂ ਮੰਗ ਕੀਤੀ ਕਿ ਮੰਦਰ ਨੂੰ ਕਿਸੇ ਹੋਰ ਢੁਕਵੇਂ ਥਾਂ ਤੇ ਤਬਦੀਲ ਕੀਤਾ ਜਾਏ, ਤਾਂ ਜੋ ਫਿਰ ਕਦੀ ਫਿਰਕੂ ਤਨਾਓ ਪੈਦਾ ਨਾ ਹੋ ਸਕੇ।

ਸ: ਭਾਨ ਸਿੰਘ ਨੇ ਦਸਿਆ ਹੈ ਕਿ ੮ ਜੁਲਾਈ ਨੂੰ ਹਿੰਦੂ ਸੁਰੱਖਸ਼ਾ ਵਾਹਨੀ ਵਲੋਂ ਜਦੋਂ ਹੜਤਾਲ ਲਈ ਸੱਦਾ ਦਿਤਾ ਗਿਆ ਤਾਂ ਕੁਝ ਫਿਰਕੂ ਅੰਸਰਾਂ ਨੇ ਮੰਦਰ ਵਿਚ ਇਕੱਠੇ ਹੋ ਕੇ ਗੁਰਦਵਾਰਾ ਸਾਹਿਬ ਉਤੇ ਇੱਟਾਂ ਪੱਥਰ ਮਾਰੇ ਤੇ ਗੁਰਦਵਾਰਾ ਸਾਹਿਬ ਦੇ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਨੂੰ ਪ੍ਰੇਸ਼ਾਨ ਕੀਤਾ। ਇਹ ਸਭ ਕੁਝ ਪੁਲਸ ਦੀ ਮੌਜੂਦਗੀ ਵਿਚ ਹੋਇਆ, ਸਗੋਂ ਸਿਟੀ ਇੰਸਪੈਕਟਰ ਸ੍ਰੀ ਜੈ ਨਾਰਾਇਣ ਸੈਣੀ ਇਨ੍ਹਾਂ ਫਿਰਕੂ ਅੰਸਰਾਂ ਨੂੰ ਸਿੱਖਾਂ ਵਿਰੁਧ ਉਕਸਾਉਂਦਾ ਰਿਹਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਨਿਜੀ ਦਖਲ ਦੇ ਕੇ ਇਸ ਝਗੜੇ ਦਾ ਪੱਕਾ ਹਲ ਲਭਣ ਲਈ ਕਿਹਾ ਹੈ। ਅਜੀਤ, ੧੨-੮-੮੩

## ੨੯ ਨੂੰ ਪੰਜਾਬ ਭਰ 'ਚ ਪ੍ਰਸ਼ਾਸਨ ਦਾ ਕੰਮ ਠੱਪ ਕੀਤਾ ਜਾਵੇਗਾ—ਸੰਤ ਜੀ—

ਅੰਮ੍ਰਿਤਸਰ, ੧੫ ਅਗਸਤ—(ਯੂ. ਐਨ. ਆਈ., ਪੀ.ਟੀ.ਆਈ.-ਕ) ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨੇ ਐਲਾਨ ਕੀਤਾ ਕਿ ਧਰਮ ਯੁਧ ਮੋਰਚੇ ਦੇ ਅਗਲੇ ਐਕਸ਼ਨ ਵਿਚ ੨੯ ਅਗਸਤ ਸੋਮਵਾਰ ਨੂੰ ਸਵੇਰੇ ੧੦ ਵਜੇ ਤੋਂ ਸ਼ਾਮ ੫ ਵਜੇ ਤਕ ਜ਼ਿਲਾ ਹੈਡ ਕੁਆਰਟਰਾਂ ਵਿਚ ਪ੍ਰਸ਼ਾਸਨ ਦਾ ਕੰਮ ਠਪ ਕਰ ਦਿਤਾ ਜਾਇਗਾ। ਸੰਤ ਜੀ ਨੇ ਸਰਕਾਰੀ ਦਫਤਰਾਂ ਤੇ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਕਿਹਾ ਹੈ ਕਿ ਉਹ ਅਕਾਲੀ ਦਲ ਦੇ ਪ੍ਰੋਗਰਾਮ ਨੂੰ ਕਾਮਯਾਬ ਬਨਾਉਣ ਲਈ ਉਸ ਨਾਲ ਸਹਿਯੋਗ ਕਰਨ, ਤਾਂ ਜੋ ਪੰਜਾਬ ਦੀਆਂ ਹੱਕੀ ਮੰਗਾਂ ਮੰਨਵਾਈਆਂ ਜਾ ਸਕਣ।......

ਸੰਤ ਜੀ ਨੇ ਸਪੱਸ਼ਟ ਕੀਤਾ ਕਿ ਅਕਾਲੀ ਦਲ ਦਾ ਇਹ ਸ਼ਾਂਤਮਈ ਸੰਘਰਸ਼ ਕਿਸੇ ਫਿਰਕੇ, ਵਰਗ ਜਾਂ ਵਿਸ਼ੇਸ਼ ਵਿਅਕਤੀ ਵਿਰੁਧ ਨਹੀਂ ਅਤੇ ਨਾ ਹੀ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਵਿਰੁਧ ਹੈ, ਸਗੋਂ ਇਹ ਸੰਘਰਸ਼ ਸਮੁਚੇ ਪੰਜਾਬੀਆਂ ਦੇ ਸਾਂਝੇ ਹਿਤਾਂ ਦੀ ਰਾਖੀ ਅਤੇ ਕੌਮੀ ਲੀਡਰਾਂ ਵਲੋਂ ਅਜ਼ਾਦੀ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਨੂੰ ਪੂਰੇ ਕਰਾਉਣ ਲਈ ਹੈ। ਅਜੀਤ, ੧੬-੮-੮੩

## ਪੁਲੀਸ ਨੇ ੪ ਬੇਗੁਨਾਹ ਕਤਲ ਕੀਤੇ—ਮੁਕਾਬਲੇ ਦੀ ਪੁਲੀਸ ਕਹਾਣੀ ਝੂਠੀ—ਵਾਰਸਾਂ ਦਾ ਦੋਸ਼

ਲੁਧਿਆਣਾ, ੧੫ ਅਗਸਤ—ਪਿਛਲੇ ਦਿਨ ਸਰਹੰਦ ਨਹਿਰ ਤੇ ਪਾਲੋਟੀ ਪੁਲ ਦੇ ਨੇੜੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਚਾਰ ਵਿਅਕਤੀਆਂ ਦੇ ਵਾਰਸਾਂ ਨੇ ਗੰਭੀਰ ਦੋਸ਼ ਲਾਇਆ ਹੈ ਕਿ ਪੁਲੀਸ ਨੇ ਬੇਗੁਨਾਹ ਆਦਮੀਆਂ ਨੂੰ ਫੜ ਕੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਤੇ ਕੋਈ ਮੁਕਾਬਲਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਮੁਕਾਬਲੇ ਦੀ ਕਹਾਣੀ ਝੂਠੀ ਹੈ। ਪੁਲਿਸ ਨੇ ਜਿਹੜੇ ਲੋਕਾਂ ਨੂੰ ਗੋਲੀਆਂ ਨਾਲ ਉਡਾਇਆ, ਡਾਕੂ ਨਹੀਂ ਸਨ, ਸਗੋਂ ਪ੍ਰਤਿਸ਼ਠਤ ਕਾਰੋਬਾਰੀ ਆਦਮੀ ਸਨ। ਉਹਨਾਂ ਦਸਿਆ ਕਿ ਪੁਲੀਸ ਨੇ ਕਿਸੇ ਸਾਜ਼ਿਸ਼ ਅਧੀਨ ਮੁਕਾਬਲਾ ਦੱਸ ਕੇ ਚਾਰੇ ਵਿਅਤਕੀਆਂ ਨੂੰ ਕਤਲ ਕੀਤਾ ਹੈ। ਅਜੀਤ, ੧੬-੮-੮੩

## ਇੰਦਰਾ ਮੰਗਾਂ ਬਾਰੇ ਇਕ-ਤਰਫ਼ਾ ਐਲਾਨ ਕਰਨ ਤਾਂ ਵੀ ਇਤਰਾਜ਼ ਨਹੀਂ
## ਬੇਗੁਨਾਹ ਅਤੇ ਨਿਹੱਥੇ ਲੋਕਾ ਨੂੰ ਕਤਲ ਕਰਨਾ ਸਿੱਖ ਸਿਧਾਂਤਾਂ ਦੇ ਉਲਟ—ਸੰਤ ਜੀ

ਅੰਮ੍ਰਿਤਸਰ, ੧੯ ਅਗਸਤ (ਯੂ. ਐਨ. ਆਈ.)—ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਲ ਦੀਆਂ ਮੰਗਾਂ ਬਾਰੇ ਇਕਵਲੇ ਤੌਰ ਤੇ ਐਲਾਨ ਕਰਦੇ ਹਨ, ਤਾਂ ਉਹਨਾਂ ਦੀ ਪਾਰਟੀ ਨੂੰ ਕੋਈ ਇਤਰਾਜ਼ ਨਹੀਂ ਹੋਏਗਾ।......


www.AKJ.Org

ਸੰਤ ਜੀ ਨੇ ਸਿੱਖ ਰਵਾਇਤਾਂ ਤੇ ਪ੍ਰੰਪਰਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿਖ ਮਜ਼ਲੂਮ ਅਤੇ ਨਿਹੱਥੇ ਤੇ ਵਾਰ ਨਹੀਂ ਕਰਦਾ ਅਤੇ ਨਾ ਹੀ ਕਿਸੇ ਤੇ ਲੁਕ ਛਿਪ ਕੇ ਹਮਲਾ ਕਰਦਾ ਹੈ। ਉਹਨਾਂ ਨੇ ਕਿਹਾ ਕਿ ਸਿਖਾਂ ਨੇ ਆਪਣੀਆਂ ਜਾਨਾਂ ਖਤਰੇ ਵਿਚ ਪਾ ਕੇ ਵੀ ਸਦਾ ਸਿਖ ਰਵਾਇਤਾਂ ਤੇ ਪਰੰਪਰਾਵਾਂ ਨੂੰ ਕਾਇਮ ਰਖਿਆ ਹੈ। ਸਿਖ ਘਰ ਆਏ ਦੁਸ਼ਮਣ ਤੇ ਵੀ ਵਾਰ ਨਹੀਂ ਕਰਦਾ ਅਤੇ ਨਾ ਹੀ ਇਸਤਰੀਆਂ ਤੇ ਮਾਸੂਮਾਂ ਤੇ ਤਸ਼ੱਦਦ ਕਰਦਾ ਹੈ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਮਹਾਨ ਸਿਖ ਪਰੰਪਰਾਵਾਂ ਅਤੇ ਮਹਾਨ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਦੀ ਉਲੰਘਣਾ ਕਰਦਾ ਹੈ। —ਅਜੀਤ, ੨੦-੮-੮੩

## ਦਰਜਨਾਂ ਲੋਕਾਂ ਤੇ ਪੁਲਸ ਜਬਰ, ੮ ਹਜ਼ਾਰ ਲੋਕਾਂ ਦੀ ਸਕਰੀਨਿੰਗ ਕੀਤੀ ਗਈ—

ਮੰਡੀ ਸਾਬੋ, ੨੪ ਅਗਸਤ—(ਪਤਰ ਪਰੇਰਕ) ਹਰਿਆਣਾ ਦੀ ਮੰਡੀ ਕਲਾਂਵਲੀ ਵਿਚ ਇਕ ਨਿਰੰਕਾਰੀ ਅਵਤਾਰ ਸਿੰਘ ਦਾ ਕਤਲ ਹੋ ਗਿਆ ਸੀ, ਪੁਲਿਸ ਉਸ ਦੇ ਕਥਤ ਕਾਤਲਾਂ ਦੀ ਭਾਲ ਵਿਚ ਲਗਪਗ ੮ ਹਜਾਰ ਵਿਅਕਤੀਆਂ ਦੀ ਸਕਰੀਨਿੰਗ ਕਰ ਚੁਕੀ ਹੈ ਤੇ ਕਈਆਂ ਨੂੰ ਜਬਰ ਦਾ ਨਿਸ਼ਾਨਾ ਬਣਾਇਆ ਗਿਆ ਹੈ, ਜਿਹਨਾਂ ਵਿਚ ਔਰਤਾਂ ਵੀ ਸ਼ਾਮਲ ਹਨ। ਔਰਤਾਂ ਨਾਲ ਵੀ ਗੈਰ-ਮਨੁਖੀ ਵਰਤਉ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਇਹ ਕਾਰਨ ਹੈ ਕਿ ਪੁਲਸ ਦੀ ਦਹਿਸ਼ਤ ਐਨੀ ਵਧ ਗਈ ਹੈ ਕਿ ਪੁਲਿਸ ਜਿਸ ਪਿੰਡ ਵਿਚ ਜਾਂਦੀ ਹੈ, ਗਲੀਆਂ ਸੁਨਸਾਨ ਹੋ ਜਾਂਦੀਆਂ ਹਨ। ਪਿੰਡ ਗਿਆਨਾ ਦੇ ਇਕ ਪ੍ਰੀਵਾਰ ਦੇ ਮੈਂਬਰਾਂ ਟੇਕ ਸਿੰਘ ਤੇ ਕਾਲਾ ਸਿੰਘ ਨੂੰ ੨੧ ਜੁਲਾਈ ਨੂੰ ਗ੍ਰਿਫਤਾਰ ਕੀਤਾ। ਉਹਨਾਂ ਦੇ ਘਰ ਦੀ ਵਾਰ ਵਾਰ ਤਲਾਸ਼ੀ ਲਈ ਗਈ ਤੇ ਪੁਲਸ ਇਕ ਟਰੈਕਟਰ ਵੀ ਲੈ ਗਈ, ਜੋ ਹਾਲੇ ਤੱਕ ਵਾਪਸ ਨਹੀਂ ਕੀਤਾ ਗਿਆ। ਇਸ ਪ੍ਰੀਵਾਰ ਦੀ ਫਸਲ ਵੀ ਨਸ਼ਟ ਕਰ ਦਿਤੀ ਗਈ। ਪੁਲਸ ਇਕ ਵਿਅਕਤੀ ਬਲਵਿੰਦਰ ਸਿੰਘ ਨੂੰ ਗ੍ਰਿਫਤਾਰ ਨਹੀਂ ਕਰ ਸਕੀ ਤਾਂ ਉਸ ਦੇ ਪਿਤਾ ਸ. ਪ੍ਰੀਤਮ ਸਿੰਘ, ਮਾਂ ਬਚਿੰਤ ਕੌਰ, ਨੂੰਹ ਅਤੇ ਪ੍ਰੀਤਮ ਸਿੰਘ ਦੀ ਵਿਆਹੁਤਾ ਲੜਕੀ ਤੇ ਦੋ ਬੱਚਿਆਂ ਨਾਲ ਦੁਰਵਿਹਾਰ ਕੀਤਾ। ਇਸ ਪ੍ਰੀਵਾਰ ਦਾ ਵੀ ਪਤਾ ਨਹੀਂ ਲਗ ਰਿਹਾ। ਪਿੰਡ ਦੇਸੂ ਜੋਸਾ ਦੀ ਇਕ ਬੁਢੀ ਔਰਤ ਨੇ ਦਸਿਆ ਕਿ ਉਸ ਦੇ ੧੯ ਸਾਲਾ ਪੁਤਰ ਦਾ ਪਤਾ ਨਹੀਂ ਲਗ ਰਿਹਾ। ਇਸ ਪਿੰਡ ਦੇ ਦਰਸ਼ਨ ਸਿੰਘ, ਜੋ ਮਿਰਤਕ ਦਾ ਰਿਸ਼ਤੇ-ਦਾਰ ਵੀ ਹੈ, ਨੂੰ ਵੀ ਹਿਰਾਸਤ ਵਿਚ ਰਖ ਕੇ ਕਥਿਤ ਤੌਰ ਤੇ ਪੁਲਸ ਨੇ ਮਾਰਕੁਟਾਈ ਕੀਤੀ। ਇਕ ਹਰੀਜਨ ਰੰਗ ਸਿੰਘ ਨੂੰ ਵੀ ਪੁਲਸ ਨੇ ਨਾਕਾਰਾ ਕਰ ਦਿਤਾ ਹੈ। —ਅਜੀਤ, ੨੫-੮-੮੩

## ਸ਼ਰੋਮਣੀ ਕਮੇਟੀ ਵਲੋਂ ਬੀ. ਐਸ. ਐਫ. ਜਵਾਨਾਂ ਨੂੰ ਪ੍ਰੇਸ਼ਾਨ ਕੀਤੇ ਜਾਣ ਬਾਰੇ ਸੇਠੀ ਨੂੰ ਚਿਠੀ

ਅਮ੍ਰਿਤਸਰ, ੨੬ ਅਗਸਤ—ਸ਼੍ਰੋ. ਗੁ. ਪ੍ਰ. ਕਮੇਟੀ ਦੇ ਸਕੱਤਰ ਸ. ਭਾਨ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੂੰ ਦਸਿਆ ਹੈ ਕਿ ਬੀ. ਐਸ. ਐਫ. ਦੀ ੨੧ ਬਟਾਲੀਅਨ ਵਿਖੇ ਸੇਵਾ ਕਰ ਰਹੇ ਸਿਖ ਜਵਾਨਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਗ਼ੈਰ-ਸਿਖ ਅਫ਼ਸਰਾਂ ਵਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸ੍ਰੀ ਸੇਠੀ ਦੇ ਨਾਂ ਇਕ ਪੱਤਰ ਵਿਚ ਸ. ਭਾਨ ਸਿੰਘ ਨੇ ਲਿਖਿਆ ਕਿ ਅਫਸਰਾਂ ਵਲੋਂ ਸਿਖ ਧਰਮ ਅਤੇ ਸਿਖਾਂ ਬਾਰੇ ਬੜੇ ਨਿਰਾਦਰ ਭਰੇ ਰੀਮਾਰਕਸ ਦੇ ਕੇ ਸਿਖ ਜਵਾਨਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ। ਸਕੱਤਰ ਨੇ ਮੰਗ ਕੀਤੀ ਹੈ ਕਿ ਸਬੰਧਤ ਅਫ਼ਸਰਾਂ ਵਿਰੁਧ ਕਰੜੀ ਕਾਰਵਾਈ ਕੀਤੀ ਜਾਏ। ਜਿਹੜੇ ਦੇਸ਼ ਦੇ ਸੈਕੂਲਰ ਚਰਿਤ੍ਰ ਨੂੰ ਖ਼ਰਾਬ ਕਰ ਰਹੇ ਹਨ, ਉਨ੍ਹਾਂ ਵਿਰੁਧ ਆਈ. ਪੀ. ਸੀ. ਦੀ ਧਾਰਾ ੨੯੫ ਅਤੇ ੨੯੫. ਏ ਦੇ ਅਧੀਨ ਕਾਰਵਾਈ ਕੀਤੀ ਜਾਵੇ। —ਅਜੀਤ, ੨੭ ਅਗਸਤ ੧੯੮੩

---

## ਪ੍ਰਕਾਸ਼-ਉਤਸ਼ਵ ਗੁਰਪੁਰਬ ਸਮਾਗਮ ਧਨਬਾਦ ਵਿਖੇ

ਅਖੰਡ ਕੀਰਤਨੀ ਜਥਾ ਧਨਬਾਦ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼-ਉਤਸ਼ਵ ਗੁਰਪੁਰਬ ੪ ਤੋਂ ੭ ਸਤੰਬਰ ਤੱਕ ਮਨਾਏ ਜਾ ਰਹੇ ਹਨ। ਸੰਗਤਾਂ ਦੇ ਠਹਿਰਨ ਲਈ ਸ੍ਰੀ ਗੁਰੂ ਸਿੰਘ ਸਭਾ ਕਰਤਾਸ ਰੋਡ ਧਨਬਾਦ ਵਿਖੇ ਪਰਬੰਧ ਹੈ। ਪੁਛ ਗਿਛ—ਭਾਈ ਮਾਨ ਸਿੰਘ, ਡਿਗਵਡੀਹ ਬਜ਼ਾਰ, ਧਨਬਾਦ।

**ਗੁਆਚੀਆਂ ਵਸਤਾਂ**—ਹੁਣੇ ਜਿਹੇ ਹੇਮਕੁੰਟ ਯਾਤਰਾ ਤੋਂ ਵਾਪਸੀ ਤੇ ਭਾਈ ਮਾਨ ਸਿੰਘ ਜੀ ਧਨਬਾਦ ਪਾਸ ਵਾਧੂ ਚੀਜ਼ਾਂ ਪੁਜੀਆਂ ਹਨ——ਗਰਮ ਸ਼ਾਲ, ਸਟੀਲ ਦਾ ਗਲਾਸ ਤੇ ਪਿਤਲ ਕਟੋਰੀ। ਦਿਲੀ ਸਮਾਗਮ ਤੇ ਉਨ੍ਹਾਂ ਪਾਸੋਂ ਲਵੋ।



www.AKJ.Org

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਸ੍ਰੀ ਅੰਮ੍ਰਿਤਸਰ

1978 ਵੈਸਾਖੀ ਤੋਂ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ 17 ਸਤੰਬਰ ਸ਼ਨੀਵਾਰ ਦੀ ਰਾਤ ਨੂੰ ਗੁ. ਮੰਜੀ ਸਾਹਿਬ ਦੀਵਾਨ ਹਾਲ ਅਸਥਾਨ ਸ੍ਰੀ ਅੰਮ੍ਰਿਤਸਰ ਵਿਖੇ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਅਖੰਡ ਕੀਰਤਨ-ਪ੍ਰਵਾਹ

ਭਾ: ਮਹਿੰਦਰ ਸਿੰਘ ਜੀ ਐਸ. ਡੀ. ਓ. ਅਤੇ ਭਾਈ ਪ੍ਰੀਤਮ ਸਿੰਘ ਚਾਨੀ ਜੀ ਅਮਰੀਕਾ ਕੈਨੇਡਾ ਤੋਂ ਦੋ ਹਫਤਿਆਂ ਲਈ ਯੂ. ਕੇ. ਪੁਜ ਰਹੇ ਹਨ । ਭਾਈ ਸਾਹਿਬ ਜੀਵਨ ਸਿੰਘ ਜੀ ਕੀਰਤਨੀਏ ਵੀਰ ਵੀ ਯੂ. ਕੇ. ਹੀ ਹਨ । ਸੋ ਕੀਰਤਨੀ ਵੀਰਾਂ ਅਤੇ ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਹੇਠ ਲਿਖੇ ਅਨੁਸਾਰ ਪਰੋਗਰਾਮ ਹੋ ਰਹੇ ਹਨ—

30 ਸਤੰਬਰ ਸ਼ਾਮ ਅਤੇ 1-10-83 ਸਵੇਰੇ ਗੁਰਦਵਾਰਾ ਬੇਬੇ ਨਾਨਕੀ ਬਰਮਿੰਘਮ, ਫੋਨ ਭਾ: ਹਰਭਜਨ ਸਿੰਘ. 021-551-3489

1 ਅਕਤੂਬਰ ਕੀਰਤਨ ਰੈਣ ਸਬਾਈ ਗੁਰੂ ਨਾਨਕ ਗੁਰਦਵਾਰਾ ਸਮੈਥਿਕ ਬਰਮਿੰਘਮ, ਫੋਨ ਭਾ: ਮਹਿੰਦਰਸਿੰਘ, 021-558-7097

2 ਅਕਤੂਬਰ ਕੀਰਤਨ ਦੁਪਹਿਰ 11 ਤੋਂ 2-00 ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ, ੨੩ ਈਸਟ ਪਾਰਕ ਰੋਡ, ਲੈਸਟਰ ।
ਫੋਨ ਭਾਈ ਜੋਗਿੰਦਰ ਸਿੰਘ 0533-764179

3 ਤੇ 4 ਅਕਤੂਬਰ ਕੀਰਤਨ ਸਵੇਰੇ ਤੇ ਸ਼ਾਮ ਸ੍ਰੀ ਗੁਰੂ ਸਿੰਘ ਸਭਾ ਸਲੋਹ, ਫੋਨ ਭਾ: ਸੋਹਨ ਸਿੰਘ 0753-30624

5 ਅਕਤੂਬਰ ਕੀਰਤਨ ਸਵੇਰੇ ਤੇ ਸ਼ਾਮ ਗੁਰਦਵਾਰਾ ਕੰਬਰਲੈਂਡ ਰੋਡ, ਰੈਡਿੰਗ ਫੋਨ 0734-67900

6 ਤੇ 7 ਅਕਤੂਬਰ ਕੀਰਤਨ ਸਵੇਰੇ ਤੇ ਸ਼ਾਮ ਗੁਰਦਵਾਰਾ ਮਿਡ ਵੇ, ਰੋਚੈਸਟਰ, ਚੈਟਮ ਤੇ ਗੁਰਦਵਾਰਾ ਸਾਹਿਬ ਬਾਰਕਿੰਗ ਲੰਡਨ
ਫੋਨ ਭਾ: ਹਰਬਖਸ਼ ਸਿੰਘ 06 4-407547 ਅਤੇ ਭਾ: ਗਿਆਨ ਸਿੰਘ 01-470-5413

8 ਅਕਤੂਬਰ ਕੀਰਤਨ ਰੈਣ ਸਬਾਈ ਗੁਰੂ ਨਾਨਕ ਦਰਬਾਰ ਕਲੇਰੇਂਸ ਪਲੇਸ ਗਰੇਵਜ਼ੈਂਡ ਕੈਂਟ, ਰੈਣ ਸਬਾਈ ਦੇ ਭੋਗ ਤੋਂ ਪਹਿਲਾਂ ਭਾਈ ਗੁਲਜ਼ਾਰ ਸਿੰਘ ਦੀ ਸਪੁਤਰੀ ਸਰਵਜੀਤ ਕੌਰ ਦਾ ਅਨੰਦ ਕਾਰਜ ਕਾਕਾ ਚਰਨਜੀਤ ਸਿੰਘ ਸਪੁਤ੍ਰ ਸ. ਜਗਤ ਸਿੰਘ ਨਾਲ, ਫੋਨ ਭਾਈ ਗੁਲਜ਼ਾਰ ਸਿੰਘ 0474-22052, ਭਾਈ ਨਿਰਮਲ ਸਿੰਘ 0474-50249

9 ਅਕਤੂਬਰ ਐਤਵਾਰ ਦੁਪਹਿਰ 11 ਤੋਂ 2-00 ਸ੍ਰੀ ਗੁਰੂ ਸਿੰਘ ਸਭਾ ਸਲੋਹ, ਫੋਨ ਭਾ: ਕੇਵਲ ਸਿੰਘ 0753-76246

10 ਤੇ 11 ਅਕਤੂਬਰ ਕੀਰਤਨ ਸਵੇਰੇ ਸ਼ਾਮ ਗੁਰੂ ਨਾਨਕ ਪ੍ਰਕਾਸ਼ ਸਿਖ ਟੈਂਪਲ ਕਵੈਂਟਰੀ. ਫੋਨ 0203-'63802

12 ਤੋਂ 14 ਅਕਤੂਬਰ ਸਵੇਰੇ ਤੇ ਸ਼ਾਮ ਗੁ: ਰਾਮਗੜ੍ਹੀਆ ਸਭਾ ਡਰਬੀ, ਫੋਨ ਭਾ: ਫਲਮਿੰਦਰ ਸਿੰਘ ਲਮਿੰਗਟਨ 02926-38937

15 ਅਕਤੂਬਰ ਕੀਰਤਨ ਰੈਣ ਸਬਾਈ ਦਸਮੇਸ਼ ਸਿਖ ਟੈਂਪਲ ਲਿਡਜ਼ਰੋਡ ਬਰੈਡਫੋਰਡ, ਫੋਨ ਬੀ: ਸੁਖਜਿੰਦਰਕੌਰ 0274-487081

16 ਅਕਤੂਬਰ ਸ਼ਾਮ ਦੇ ਕੀਰਤਨ ਸਿਖ ਟੈਂਪਲ ਨੀਊ ਸਟਰੀਟ ਲਮਿੰਗਟਨ ਸਪਾ, ਫੋਨ ਭਾ: ਜਰਨੈਲ ਸਿੰਘ 0929-30008

ਪੁਛ ਗਿਛ : ਭਾਈ ਗੁਰਨਾਮ ਸਿੰਘ ਰੈਡਿੰਗ. ਫੋਨ 0734-67900

## ਖੰਨਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਨਾ ਦਿੰਦੇ ਹਨ ਕਿ ਸ੍ਰੀ ਗੁਰੂ ਸਿੰਘ ਸਭਾ ਖੰਨਾ ਵਿਖੇ ੨੪ ਸਤੰਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਓ ਤੇ ਲਾਹੇ ਪ੍ਰਾਪਤ ਕਰੋ ਜੀ ।

## ਪ੍ਰਕਾਸ਼ ਉਤਸ਼ਵ ਗੁਰਪੁਰਬ ਸਮੇਂ ਬਸੀ ਪਠਾਣਾਂ (ਪਟਿਆਲਾ) ਵਿਖੇ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ-ਉਤਸ਼ਵ-ਗੁਰਪੁਰਬ ਦੇ ਸਬੰਧ ਵਿਚ ਲਾਲ ਗੁਰਦਵਾਰਾ ਸਾਹਿਬ, ਧੋਬੀ ਮਹੱਲਾ, ਬਸੀ ਪਠਾਣਾਂ ਵਿਚ ੭ ਸਤੰਬਰ ਬੁਧਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਸੰਗਤਾਂ ਹੁਮ-ਹੁਮਾ ਕੇ ਪੁਜਣ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ । ਦਾਸਰਾ—ਜਸਵੰਤ ਸਿੰਘ ਮਕਾਨ ਨੰ: 2-441, ਧੋਬੀ ਮੰਡੀ, ਬਸੀ ਪਠਾਣਾਂ

## ਪਿੰਡ ਬੱਲ ਜ਼ਿਲਾ ਜਲੰਧਰ ਵਿਖੇ ਕੀਰਤਨ ਸਮਾਗਮ

ਭਾ: ਪੂਰਨ ਸਿੰਘ ਜੀ ਦੀ ਪਿਆਰੀ ਯਾਦ ਵਿਚ ਉਨ੍ਹਾਂ ਦੇ ਪਰਵਾਰ ਵਲੋਂ ੯ ਅਕਤੂਬਰ ਐਤਵਾਰ ਸਵੇਰੇ ਗੁਰਦਵਾਰਾ ਛਪੜੀ ਸਾਹਿਬ ਪਿੰਡ ਬੱਲ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ, ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ, ਆਇ ਅਸੀਸੜੀਆਂ ਬਖਸ਼ੋ ਜੀ।

## ਕੁਰਾਲੀ ਜ਼ਿਲਾ ਰੋਪੜ ਦੀ ਸਾਧ ਸੰਗਤ ਵਲੋਂ ਰੈਣ ਸਬਾਈ ਕੀਰਤਨ

੧੭ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਗੁ: ਸ੍ਰੀ ਗੁਰੂ ਅਰਜਨ ਦੇਵ, ਕੁਰਾਲੀ ਵਿਖੇ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਕੀਰਤਨ ਹੋ ਰਹੇ ਹਨ । ਸਿੱਖ ਸੰਗਤਾਂ ਤੇ ਕੀਰਤਨੀਏ ਦਰਸ਼ਨ ਬਖਸ਼ਣ ਜੀ ।

ਪੁਛ ਗਿਛ—ਭਾ: ਹਰਿਭਜਨ ਸਿੰਘ, 12-100 ਖਾਲਸਾ ਨਿਵਾਸ, ਨੇੜੇ ਬੱਸ ਅੱਡਾ, ਕੁਰਾਲੀ ।

www.AKJ.Org

## ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਦਿਲੀ ੧੪ ਤੋਂ ੧੭ ਅਕਤੂਬਰ

**੧੭ ਅਕਤੂਬਰ ੧੯੮੩ ਸਵੇਰੇ ਭੋਗ ਰੈਣ ਸਬਾਈ, ਪ੍ਰੋਗਰਾਮ ਵੇਰਵਾ ਅਕਤੂਬਤ 'ਸੂਰਾ' ਵਿਚ**

---

## ਬਟਾਲਾ ਵਿਆਹ ਪੁਰਬ ਸਮੇਂ ਸਾਲਾਨਾ ਕੀਰਤਨ ਸਮਾਗਮ

ਐਤਵਾਰ ਸਵੇਰੇ ੧੧ ਤੋਂ ੧੪ ਸਤੰਬਰ ੧੯੮੩ ਬੁਧਵਾਰ ਸਵੇਰ ਤੱਕ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਮੇਂ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਪ੍ਰੋਗਰਾਮ—

੧੧ ਸਤੰਬਰ ਸਵੇਰੇ ੫ ਤੋਂ ੭-੩੦ ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਗੁ: ਸਤਿ ਕਰਤਾਰੀਆਂ
ਸ਼ਾਮ ਨੂੰ ਸੋਦਰ ਦੀ ਚੌਕੀ ਗੁਰਦੁਆਰਾ ਸਤਿ ਕਰਤਾਰੀਆਂ ਵਿਖੇ

੧੨ ਸਤੰਬਰ ਸਵੇਰੇ ੬ ਤੋਂ ੧੦ ਕੀਰਤਨ ਆਸਾ ਦੀ ਵਾਰ ਗੁ: ਸਤਿ ਕਰਤਾਰੀਆਂ
ਸ਼ਾਮ ੮ ਤੋਂ ੧੦-੩੦ ਕੀਰਤਨ ਗੁਰਦੁਆਰਾ ਕੰਧ ਸਾਹਿਬ

੧੩ ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ੧੨ ਵਜੇ ਤੱਕ ਅਖੰਡ ਕੀਰਤਨ—ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ
ਰਾਤ ੮ ਵਜੇ ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ ੧੪ ਸਤੰਬਰ ਸਵੇਰੇ ੭ ਵਜੇ

ਧਿਆਨ ਯੋਗ—ਰਿਹਾਇਸ਼ ਤੇ ਕੀਰਤਨ ਪਰੋਗਰਾਮ ਗੁਰਦੁਆਰਾ ਸਤਿ ਕਰਤਾਰੀਆਂ ਵਿਖੇ, ਜੋ ਸਬਜ਼ੀ ਮੰਡੀ ਲਾਗੇ ਤੇ ਬੱਸ ਅੱਡੇ ਤੋਂ ੧ ਕਿਲੋਮੀਟਰ ਹੈ। ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

---

## ਯਾਤਰਾ ਸ੍ਰੀ ਹੇਮਕੁੰਟ ਸਮੇਂ ਹਰਦਵਾਰ ਵਿਖੇ ਅਖੰਡ ਕੀਰਤਨ ਸਮਾਗਮ

੧੬ ਸਤੰਬਰ ਨੂੰ ਸਵੇਰੇ ੩ ਤੋਂ ੫ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਭਾਈ ਕੁੰਦਨ ਸਿੰਘ ਜੀ ਦੇ ਗ੍ਰਿਹ ਵਿਖੇ, ਸ਼ਾਮ ੬-੩੦ ਤੋਂ ੯-੩੦ ਸੋਦਰ ਦੀ ਚੌਕੀ ਗੁਰਦੁਆਰਾ ਸਤੀ ਘਾਟ ਪਾ: ੩ ਕੰਖਲ, ੧੭ ਸਤੰਬਰ ਸਵੇਰੇ ੫ ਤੋਂ ੧੦ ਆਸਾ ਦੀ ਵਾਰ ਭਾ: ਕੁੰਦਨ ਸਿੰਘ ਜੀ ਦੇ ਗ੍ਰਿਹ, ਸ਼ਾਮ ੬-੩੦ ਤੋਂ ੯-੩੦ ਗੁਰਦੁਆਰਾ ਸ੍ਰੀ ਹੇਮਕੁੰਟ ਟ੍ਰਸਟ ਹਰਦਵਾਰ ਰੇਲਵੇ ਸਟੇਸ਼ਨ ਦੇ ਪਿਛੇ, ੧੮ ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ੧੧ ਵਜੇ ਤੱਕ ਕੀਰਤਨ। ਪਿਛੋਂ ਸ੍ਰੀ ਹੇਮਕੁੰਟ ਯਾਤਰਾ ਲਈ ਬੱਸਾਂ ਰਾਹੀਂ ਰਵਾਨਗੀ ਹੋਵੇਗੀ। ਦਾਸਰੇ—ਅਖੰਡ ਕੀਰਤਨੀ ਜਥਾ, ਹਰਦਵਾਰ

ਪੁਛ ਗਿਛ—ਭਾਈ ਕੁੰਦਨ ਸਿੰਘ ਸੋਖੀ, ੨੬੯ ਟਾਈਪ iii ਸੈਕਟਰ ਵੀ-ਬੀ, ਬੀ.ਐਚ.ਈ.ਐਲ. ਹਰਦਵਾਰ।

---

## ਯਮੁਨਾ ਨਗਰ-ਜਗਾਧਰੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਰਕਸ਼ਾਪ ਵਿਖੇ ੨੯ ਸਤੰਬਰ ਸਵੇਰੇ ਸ੍ਰੀ ਅਖੰਡ ਪਾਠ ਆਰੰਭ, ਸ਼ਾਮ ੭ ਤੋਂ ੧੦ ਗੁਰਦਵਾਰਾ ਪਾ: ੧੦ਵੀਂ ਜਗਾਧਰੀ, ੩੦ ਸਤੰਬਰ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਗੁਰਦਵਾਰਾ ਫਰਕਪੁਰ ਜਗਾਧਰੀ ਵਰਕਸ਼ਾਪ, ਸ਼ਾਮ ੭ ਤੋਂ ੧੦ ਸ੍ਰੀ ਗੁਰੂ ਸਿੰਘ ਸਭਾ ਮਾਡਲ ਕਾਲੋਨੀ ਯਮਨਾ ਨਗਰ, ੧ ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਆਸਾ ਦੀ ਵਾਰ, ਦੁਪਹਿਰ ੨ ਵਜੇ ਅੰਮ੍ਰਿਤ ਸਿੰਚਾਰ, ਸ਼ਾਮ ਰਹਿਰਾਸ ਸਾਹਿਬ ਤੋਂ ਉਪਰੰਤ ਰੈਣ ਸਬਾਈ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਰਕਸ਼ਾਪ ਵਿਖੇ। ਦਾਸਰੇ—ਅਖੰਡ ਕੀਰਤਨੀ ਜਥਾ, ਯਮੁਨਾ ਨਗਰ, ਜਗਾਧਰੀ

---

## ਕਾਨਪੁਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੨੩ ਸਤੰਬਰ ਸਵੇਰੇ ੬ ਤੋਂ ੧੦ ਕੀਰਤਨ ਗੁਰਦਵਾਰਾ ਗਊਸ਼ਾਲਾ ਕਿਦਵਾਈ ਨਗਰ, ਸ਼ਾਮ ਗੁ: ਮਾਤਾ ਸਾਹਿਬ ਕੌਰ ਲਾਲ ਬੰਗਲਾ (ਚਕੇਰੀ), ੨੪ ਸਤੰਬਰ ਸਵੇਰੇ ਕੀਰਤਨ ਗੁ: ਭਾਈ ਬੰਨੋ ਸਾਹਿਬ ਜੀ. ਟੀ. ਰੋਡ ਗੁਮਟੀ ਨੰ: ੫, ਰਾਤ ਨੂੰ ਰੈਣ ਸਬਾਈ ਕੀਰਤਨ ਗੁਰੂ ਨਾਨਕ ਧਰਮਸਾਲਾ ਕੌਸ਼ਲਪੁਰੀ ਗੁਮਟੀ ਨੰ: ੫ ਵਿਖੇ। ਰਿਹਾਇਸ਼ ਦਾ ਪਰਬੰਧ ਰੈਣ ਸਬਾਈ ਅਸਥਾਨ ਤੇ ਹੋਵੇਗਾ। ਪੁਛ ਗਿਛ : ਭਾ: ਮੋਹਨ ਸਿੰਘ, L150-/B, ਅਨਵਰਗੰਜ ਸਟੇਸ਼ਨ, ਕਾਨਪੁਰ

...ਖੰਡ ਕੀਰਤਨੀ ਜਥਾ, ਕਾਨਪੁਰ

---



www.AKJ.Org